# ਪਰਮੇਸ਼ਰ ਦੀ ਅਦਭੁਤ ਕਿਰਪਾ

ਵਿਲੀਅਮ ਮੈਕਡੋਨਲਡ

ਅਨੁਵਾਦਕ: ਮਨਮੋਹਣ ਸਿੰਘ

Authentic™

HYDERABAD

***Parmeshar Di Adbhut Kirpa***

(Punjabi)

God's Amazing Grace

by William MacDonald

First Punjabi edition 2015

ISBN: 978-93-83691-54-8

All rights reserved.

No part of this publication may be reproduced in any form or by any means, electronic, or mechanical, including photocopying, recording, or any information storage and retrieval system, without permission in writing from the publisher.

Published by

Authentic Books

Logos Bhavan, Suchitra Junction, Secunderabad 500 067, Telangana.

www.authenticindia.in

Authentic Books is an imprint of Authentic Media (India), the publishing division of OM Books Foundation.

Printed and bound in India by

Authentic Media, Secunderabad 500 067

# ਤਤਕਰਾ


| | |
|---|---|
| 1. ਅਦਭੁਤ ਕਿਰਪਾ | 9 |
| 2. ਇਕ ਅਦੁੱਤੀ ਹਲ | 13 |
| 3. ਹੁਣ ਖੁਸ਼ਖਬਰੀ | 21 |
| 4. ਪਰਮੇਸ਼ਰ ਦੀ ਹੈਰਾਨੀਜਨਕ ਕਿਰਪਾ | 25 |
| 5. ਕਿਰਪਾ ਦੀ ਸ਼ਲਾਘਾ ਕਿਵੇਂ ਕਰੀਏ | 31 |
| 6. ਇਕ "ਖੁਸ਼ਖਬਰੀ" ਜਿਹੜੀ ਬੁਰੀ ਖਬਰ ਹੈ | 51 |
| 7. ਅਸਲ ਵਿਸ਼ਵਾਸੀ ਨੂੰ ਪਛਾਣਨਾ ਸੌਖਾ ਹੈ | 63 |
| 8. ਤੁਹਾਡੀਆਂ ਗੱਲਾਂ ਤੁਹਾਨੂੰ ਧੋਖਾ ਦਿੰਦੀਆਂ ਹਨ | 69 |
| 9. ਤੁਹਾਡੇ ਕੰਮਾਂ ਵਿਚ ਕੀ ਖਾਮੀ ਹੈ? | 73 |
| 10. ਮੈਨੂੰ ਇਸ ਸਵਾਲ ਦਾ ਜਵਾਬ ਦਿਓ | 75 |
| 11. ਕਿਰਪਾ ਦੀ ਦੁਰਵਰਤੋਂ ਅਤੇ ਕੁਵਰਤੋਂ | 83 |
| 12. ਪਰਮੇਸ਼ਰ ਪਵਿੱਤਰਤਾ ਕਿਵੇਂ ਉਤਪੰਨ ਕਰਦਾ ਹੈ | 87 |
| 13. ਇਹ ਕਿਰਪਾ ਅੰਤ ਤਕ ਰਹਿੰਦੀ ਹੈ? | 95 |
| 14. ਹੁਣ ਆਓ ਦੁਹਰਾਈਏ | 99 |

# ਅਦਭੁਤ ਕਿਰਪਾ

ਔਖਿਆਈ ਨਾਲ ਭਰੇ ਬਚਪਨ ਅਤੇ ਜਵਾਨੀ ਤੋਂ ਬਾਦ ਜੌਨ ਨਿਊਟਨ ਭੂਮੱਧ ਸਾਗਰ ਵਿਚ ਯਾਤਰਾ ਕਰਨ ਵਾਲੇ ਆਪਣੇ ਪਿਤਾ ਦੇ ਇਕ ਵਪਾਰੀ ਜਹਾਜ਼ ਉੱਤੇ ਚਲਿਆ ਗਿਆ। ਉਥੇ ਉਹ ਬਦਚਲਨੀ, ਅਯਾਸ਼ੀ ਅਤੇ ਨਾਸਤਿਕਤਾ ਦੀ ਦਲਦਲ ਵਿਚ ਫੱਸ ਗਿਆ। ਕਿਸੇ ਨੇ ਤਾਂ ਇਹ ਵੀ ਆਖ ਦਿੱਤਾ ਕਿ ਜੇਕਰ ਉਹ ਲਗਾਤਾਰ ਦੋ ਘੰਟੇ ਤਕ ਗਾਲਾਂ ਕੱਢਦਾ ਰਹੇ ਤਾਂ ਵੀ ਉਸ ਦੀਆਂ ਗਾਲਾਂ ਖਤਮ ਨਹੀਂ ਹੋਣਗੀਆਂ ਅਤੇ ਉਹ ਕਿਸੇ ਵੀ ਗਾਲ ਨੂੰ ਦੁਹਰਾਏਗਾ ਨਹੀਂ। ਜਦੋਂ ਉਸ ਦੇ ਪਿਤਾ ਨੇ ਉਸ ਨੂੰ ਉਥੋਂ ਕੱਢ ਦਿੱਤਾ, ਤਾਂ ਉਹ ਗੁਲਾਮਾਂ ਦੇ ਵਪਾਰੀ ਜਹਾਜ਼ ਉੱਤੇ ਚਲਿਆ ਗਿਆ ਜਿਥੇ ਉਸ ਨੂੰ ਉਸ ਦੇ ਮਾਲਕ ਦੀ ਅਫ਼ਰੀਕੀ ਪਤਨੀ ਦਾ ਗੁਲਾਮ ਬਣਾ ਦਿੱਤਾ ਗਿਆ।

ਜਦੋਂ ਇਕ ਸਮੁੰਦਰੀ ਤੂਫ਼ਾਨ ਦੇ ਵਿਚ ਉਹ ਲਗਭਗ ਮੌਤ ਦੇ ਮੂੰਹ ਵਿਚ ਪੁੱਜ ਗਿਆ ਸੀ ਤਾਂ ਉਹ ਪ੍ਰਭੂ ਵੱਲ ਮੁੜ ਗਿਆ ਅਤੇ ਉਸੇ ਖੁਸ਼ਖਬਰੀ ਦਾ ਸੇਵਕ ਬਣ ਗਿਆ ਜਿਸ ਨੂੰ ਉਹ ਇੰਨੇ ਲੰਮੇ ਸਮੇਂ ਤੋ ਫ਼ਿਟਕਾਰਦਾ ਆ ਰਿਹਾ ਸੀ।

ਉਸ ਦੀ ਮੁਕਤੀ ਦੇ ਨਿੱਜੀ ਅਨੁਭਵ ਨੂੰ ਇਸ ਹਰਮਨਪਿਆਰੇ ਭਜਨ ਵਿਚ ਦਰਸ਼ਾਇਆ ਗਿਆ ਹੈ। ਪਰਮੇਸ਼ਰ ਦੇ ਅਨੋਖੇ ਪ੍ਰਬੰਧ ਸਦਕਾ ਇਸ ਭਜਨ ਦੀ ਗਿਣਤੀ ਉੱਘੇ ਸੰਗੀਤ ਦੀ ਸਰਬਉੱਚ ਥਾਂ ਵਿਚ ਹੁੰਦੀ ਰਹੀ ਹੈ, ਇਥੋਂ ਤਕ ਕਿ ਉਨ੍ਹਾਂ ਲੋਕਾਂ ਦਰਮਿਆਨ ਵੀ ਜਿਹੜੇ ਪਰਮੇਸ਼ਰ ਦੀ ਇਸ ਅਦਭੁਤ ਕਿਰਪਾ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਇਕ ਪ੍ਰਸਿੱਧ ਅੰਗ੍ਰੇਜ਼ੀ ਭਜਨ ਦੇ ਬੋਲ ਇਸ ਤਰ੍ਹਾਂ ਹਨ।

ਅਦਭੁਤ ਕਿਰਪਾ! ਇਹ ਕਿੰਨੀ ਮਿੱਠੀ ਹੈ,
ਜਿਸ ਨੇ ਮੇਰੇ ਜਿਹੇ ਦੁਸ਼ਟ ਪਾਪੀ ਨੂੰ ਬਚਾ ਲਿਆ ਹੈ!
ਮੈਂ ਗੁਆਚਿਆ ਹੋਇਆ ਸਾਂ, ਪਰ ਹੁਣ ਮੈਨੂੰ ਲੱਭ ਲਿਆ ਗਿਆ ਹੈ,
ਮੈਂ ਅੰਨ੍ਹਾ ਸਾਂ, ਪਰ ਹੁਣ ਮੈਂ ਵੇਖ ਸਕਦਾ ਹਾਂ!

ਇਸੇ ਕਿਰਪਾ ਨੇ ਮੇਰੇ ਹਿਰਦੇ ਨੂੰ ਭੈ ਮੰਨਣਾ ਸਿਖਾਇਆ,
ਅਤੇ ਇਸੇ ਕਿਰਪਾ ਨੇ ਮੈਨੂੰ ਮੇਰਿਆਂ ਡਰਾਂ ਤੋਂ ਛੁਟਕਾਰਾ ਦਿੱਤਾ:
ਇਹ ਕਿਰਪਾ ਕਿੰਨੀ ਵਡਮੁੱਲੀ ਹੈ
ਉਸ ਸਮੇਂ ਤੋਂ ਹੀ ਜਦੋਂ ਮੈਂ ਵਿਸ਼ਵਾਸ ਕੀਤਾ ਸੀ।

ਕਿੰਨਿਆਂ ਖਤਰਿਆਂ, ਮੁਸ਼ੱਕਤਾਂ ਅਤੇ ਫੰਦਿਆਂ ਵਿਚੋਂ ਦੀ,
ਮੈਂ ਲੰਘ ਆਇਆ ਹਾਂ;
ਇਹ ਕਿਰਪਾ ਮੈਨੂੰ ਇਥੇ ਤਕ ਸੁਰੱਖਿਅਤ ਲੈ ਆਈ ਹੈ,
ਅਤੇ ਇਹੋ ਕਿਰਪਾ ਮੈਨੂੰ ਘਰੇ ਵੀ ਲੈ ਜਾਵੇਗੀ।

ਜਦੋਂ ਸਾਨੂੰ ਉਥੇ ਦਸ ਹਜਾਰ ਵਰ੍ਹੇ ਹੋ ਚੁੱਕੇ ਹੋਣਗੇ,
ਸੂਰਜ ਵਾਂਗ ਲਿਸ਼ਕਦਿਆਂ
ਸਾਡੇ ਕੋਲ ਪਰਮੇਸ਼ਰ ਦੀ ਵਡਿਆਈ ਕਰਨ ਲਈ
ਉੰਨਾ ਹੀ ਸਮਾਂ ਹੋਵੇਗਾ ਜਿੰਨਾ ਸ਼ੁਰੂ ਵਿਚ ਸੀ।

# 1

# ਅਦਭੁਤ ਕਿਰਪਾ

ਪਰਮੇਸ਼ਰ ਦੇ ਸਾਹਮਣੇ ਇਕ ਸਮੱਸਿਆ ਸੀ। ਜੇਕਰ ਵੇਖਿਆ ਜਾਵੇ ਤਾਂ ਦਰਅਸਲ ਇਹ ਸਮੱਸਿਆ ਨਹੀਂ ਸੀ। ਮਹਾਨ ਪਰਮੇਸ਼ਰ ਇੰਨਾ ਸਮਰੱਥੀ ਅਤੇ ਬੁੱਧਵਾਨ ਹੈ ਕਿ ਉਸ ਦੇ *ਸਾਹਮਣੇ* ਕੋਈ ਸਮੱਸਿਆ ਟਿਕ ਹੀ ਨਹੀਂ ਸਕਦੀ। ਉਹ ਤਾਂ ਕੇਵਲ ਸਮੱਸਿਆਵਾਂ ਦਾ *ਸਮਾਧਾਨ* ਕਰਦਾ ਹੈ। ਪਰ ਸਾਨੂੰ ਇਹ ਪਰਤੀਤ ਹੁੰਦਾ ਹੈ ਕਿ ਜਿਵੇਂ ਮਨੁੱਖਜਾਤੀ ਦੀ ਮੁਕਤੀ ਦੀ ਯੋਜਨਾ ਬਣਾਉਂਦੇ ਹੋਏ ਉਸ ਨੂੰ ਸਮੱਸਿਆ ਹੋ ਰਹੀ ਸੀ। ਜਦੋਂ ਅਸੀਂ ਆਖਦੇ ਹਾਂ ਕਿ ਪਰਮੇਸ਼ਰ ਦੇ ਸਾਹਮਣੇ ਇਕ ਸਮੱਸਿਆ ਸੀ ਤਾਂ ਅਸੀਂ ਕੇਵਲ *ਮਨੁੱਖੀ ਨਜ਼ਰੀਏ ਦੀ ਭਾਸ਼ਾ* ਦੀ ਵਰਤੋਂ ਕਰ ਰਹੇ ਹਾਂ।

ਹੁਣ ਜਦੋਂ ਇਹ ਗੱਲ ਸਾਫ਼ ਹੋ ਗਈ ਚੁੱਕੀ ਹੈ, ਤਾਂ ਫਿਰ ਸਮੱਸਿਆ ਹੈ ਕੀ? ਦਰਅਸਲ ਇਹ ਆਪਸ ਵਿਚ ਵਿਰੋਧੀ ਪਰਤੀਤ ਹੋਣ ਵਾਲੇ ਪਰਮੇਸ਼ਰ ਦੇ ਦੋ ਅਹਿਮ ਗੁਣਾਂ — ਉਸ ਦਾ ਪ੍ਰੇਮ ਅਤੇ ਉਸ ਦੀ ਧਾਰਮਿਕਤਾ — ਸਦਕਾ ਹੁੰਦਾ ਹੈ।

ਇਕ ਪਾਸੇ ਪਰਮੇਸ਼ਰ ਪ੍ਰੇਮੀ ਪਰਮੇਸ਼ਰ ਹੈ। ਉਹ ਲੋਕਾਂ ਨਾਲ ਬੜੇ ਜਨੂਨ ਨਾਲ ਪ੍ਰੇਮ ਕਰਦਾ ਹੈ। ਮਨੁੱਖ ਉਸ ਦੀ ਸਰਬਉੱਚ ਰਚਨਾ ਹਨ। ਇਸ ਸਰਿਸ਼ਟ ਦੇ ਸਾਰੇ ਅਜੂਬਿਆਂ ਵਿਚੋਂ ਮਨੁੱਖਾਂ ਵਿਚ ਪਰਮੇਸ਼ਰ ਦੀ ਵਿਸ਼ੇਸ਼ ਪ੍ਰਸੰਨਤਾ ਹੈ। ਉਹ ਹਰੇਕ ਵਿਅਕਤੀ ਦਾ ਸਦੀਵੀ ਸਾਥ ਅਤੇ ਸੰਗਤੀ ਚਾਹੁੰਦਾ ਹੈ।

ਪਰ ਸਮੱਸਿਆ ਇਸ ਤੱਥ ਦੇ ਕਾਰਨ ਖੜ੍ਹੀ ਹੁੰਦੀ ਹੈ ਕਿ ਅਸੀਂ ਸਾਰੇ

ਪਾਪੀ ਹਾਂ ਅਤੇ ਪਰਮੇਸ਼ਰ ਧਰਮੀ ਹੈ। ਉਹ ਪਾਪ ਨੂੰ ਪਰਵਾਨਗੀ ਦੀ ਨਜ਼ਰ ਨਾਲ ਨਹੀਂ ਵੇਖਦਾ। ਉਹ ਪਾਪ ਨੂੰ ਵੇਖ ਕੇ ਨਾ ਤਾਂ ਆਪਣੀਆਂ ਅੱਖਾਂ ਬੰਦ ਕਰ ਸਕਦਾ ਹੈ, ਨਾ ਇਸ ਨੂੰ ਅਣਦੇਖਾ ਕਰ ਸਕਦਾ ਹੈ ਅਤੇ ਨਾ ਹੀ ਇਸ ਨੂੰ ਬਰਦਾਸ਼ਤ ਕਰ ਸਕਦਾ ਹੈ। ਪਾਪ ਦੀ ਸਜਾ ਤਾਂ ਮਿਲੇਗੀ ਹੀ, ਅਤੇ ਪਾਪ ਦੀ ਸਜਾ ਮੌਤ ਹੈ। ਜੇਕਰ ਪਾਪੀਆਂ ਨੂੰ ਪਰਮੇਸ਼ਰ ਦੇ ਨਾਲ ਸਵਰਗ ਵਿਚ ਲਿਜਾਉਣ ਦਾ ਕੋਈ ਤਰੀਕਾ ਹੈ ਤਾਂ ਕੇਵਲ ਇਕੋ ਹੀ, ਕਿ ਉਨ੍ਹਾਂ ਦੇ ਪਾਪ ਕਿਸੇ ਤਰ੍ਹਾਂ ਮਿਟਾ ਦਿੱਤੇ ਜਾਣ। ਉਨ੍ਹਾਂ ਦਾ ਹਰਜਾਨਾ ਭਰ ਦਿੱਤਾ ਜਾਵੇ। ਮਨੁੱਖ ਸ਼ੁੱਧ ਅਤੇ ਪਵਿੱਤਰ ਹੋ ਜਾਣ ਕਿ ਉਹ ਪਰਮੇਸ਼ਰ ਦੇ ਨਾਲ ਰਹਿ ਸਕਣ।

ਸੋ ਇਥੇ ਹੈ ਉਹ ਵਿਰਾਟ ਸਮੱਸਿਆ। ਇਕ ਪਾਸੇ ਤਾਂ ਪਰਮੇਸ਼ਰ ਪ੍ਰੇਮ ਹੈ ਅਤੇ ਉਸ ਦਾ ਪ੍ਰੇਮ ਆਖਦਾ ਹੈ ਕਿ ਕੋਈ ਵੀ ਨਾਸ ਨਾ ਹੋਵੇ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਮਨੁੱਖ ਸਦਾਕਾਲ ਦੇ ਵਿਨਾਸ਼ ਵਿਚ ਚਲਿਆ ਜਾਵੇ। ਉਹ ਤਾਂ ਇਹ ਚਾਹੁੰਦਾ ਹੈ ਕਿ ਸਾਰੀ ਮਨੁੱਖਜਾਤੀ ਸਦਾਕਾਲ ਲਈ ਸਵਰਗ ਦੀ ਠਾਠ-ਬਾਠ ਅਤੇ ਸੋਭਾ ਵਿਚ ਅਨੰਦ ਮਾਣੇ।

ਪਰ ਪਰਮੇਸ਼ਰ ਚਾਨਣ ਵੀ ਹੈ। ਉਸ ਦੀ ਧਾਰਮਿਕਤਾ ਇਹ ਮੰਗ ਕਰਦੀ ਹੈ ਕਿ ਪਾਪੀਆਂ ਦੇ ਪਾਪ ਦਾ ਪ੍ਰਾਸਚਿਤ ਕੀਤਾ ਜਾਵੇ। ਉਹ ਹਰੇਕ ਬੁਰੇ ਵਿਚਾਰ, ਸ਼ਬਦ, ਅਤੇ ਕੰਮ ਦੇ ਪੂਰੇ-ਪੂਰੇ ਹਰਜਾਨੇ ਦੀ ਮੰਗ ਕਰਦਾ ਹੈ। ਜਿਸ ਪਾਪੀ ਨੂੰ ਮਾਫ਼ੀ ਪ੍ਰਾਪਤ ਨਹੀਂ ਹੋਈ ਹੈ ਉਹ ਕਿਸੇ ਵੀ ਤਰ੍ਹਾਂ ਸਵਰਗ ਵਿਚ ਪ੍ਰਵੇਸ਼ ਨਹੀਂ ਕਰ ਸਕਦਾ।

ਹੁਣ ਪਰਮੇਸ਼ਰ ਮੁਕਤੀ ਲਈ ਅਜਿਹੀ ਕੋਈ ਯੋਜਨਾ ਕਿਵੇਂ ਤਿਆਰ ਕਰ ਸਕਦਾ ਹੈ ਜਿਸ ਦੇ ਦੁਆਰਾ ਉਸ ਦੇ ਪ੍ਰੇਮ ਦੀ ਤ੍ਰਿਪਤੀ ਵੀ ਹੋਵੇ ਅਤੇ ਉਸ ਦੀ ਧਾਰਮਿਕਤਾ ਨਾਲ ਸਮਝੌਤਾ ਵੀ ਨਾ ਹੋਵੇ? ਇਹ ਕਿਵੇਂ ਹੋ ਸਕਦਾ ਹੈ ਕਿ ਪਰਮੇਸ਼ਰ ਨਿਆਈਂ ਹੁੰਦਿਆਂ ਹੋਇਆਂ ਮੁਕਤੀਦਾਤਾ ਵੀ ਬਣ ਜਾਵੇ? ਇਹ ਕਿਵੇਂ ਹੋ ਸਕਦਾ ਹੈ ਕਿ ਪਰਮੇਸ਼ਰ ਧਰਮੀ ਹੁੰਦਿਆਂ ਹੋਇਆਂ ਪਾਪੀ ਭਗਤੀਹੀਣ ਮਨੁੱਖਜਾਤੀ ਨੂੰ ਮਾਫ਼ ਵੀ ਕਰ ਦੇਵੇ? ਇਹ ਇਕ ਵੱਡੀ ਕਸ਼ਮਕਸ਼ ਹੈ।

ਉੱਘੇ ਯੂਨਾਨੀ ਫ਼ਿਲਾਸਫ਼ਰ ਸੋਕ੍ਰੇਟਿਸ ਨੇ ਇਕ ਵਾਰ ਆਪਣੇ ਚੇਲੇ

ਪਲੇਟੋ ਨੂੰ ਆਖਿਆ, "ਸੰਭਵ ਹੈ ਕਿ ਪਰਮੇਸ਼ਰ ਪਾਪ ਮਾਫ਼ ਕਰ ਦਿੰਦਾ ਹੈ, ਪਰ ਇਹ ਮੇਰੀ ਸਮਝ ਤੋਂ ਬਾਹਰ ਹੈ ਕਿ ਉਹ ਇਹ ਕਰਦਾ ਕਿਵੇਂ ਹੈ।"

## ਮੁਕਤੀ ਦੀ ਕਿਸੇ ਵੀ ਯੋਜਨਾ ਲਈ ਸੱਤ ਮੰਗਾਂ

ਇਹ ਪਰਮੇਸ਼ਰ ਦੀ ਅਕੱਥ ਕਿਰਪਾ ਸਦਕਾ ਹੀ ਹੋਇਆ ਸੀ ਕਿ ਉਸ ਨੇ ਪਤਿਤ ਮਨੁੱਖਜਾਤੀ ਨੂੰ ਬਚਾਉਣ ਦਾ ਫੈਸਲਾ ਕੀਤਾ ਸੀ। ਪਰ ਜਦੋਂ ਉਸ ਨੇ ਇਹ ਫੈਸਲਾ ਲੈ ਹੀ ਲਿਆ ਤਾਂ ਫਿਰ ਉਸ ਨੂੰ ਇਕ ਅਜਿਹੀ ਯੋਜਨਾ ਵੀ ਬਣਾਉਣੀ ਪਈ ਜਿਹੜੀ ਉਸ ਦੇ ਪ੍ਰੇਮ ਅਤੇ ਪਵਿੱਤਰਤਾ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਕਰੇ। ਕਿਉਂਕਿ ਉਹ ਸਭਨਾਂ ਨੂੰ ਪ੍ਰੇਮ ਕਰਦਾ ਹੈ, ਇਸ ਲਈ ਜ਼ਰੂਰੀ ਹੈ ਉਸ ਵੱਲੋਂ ਆਉਣ ਵਾਲੀ ਮੁਕਤੀ ਹੇਠ ਲਿਖੀਆਂ ਸ਼ਰਤਾਂ ਦੀ ਪੂਰਤੀ ਕਰੇ:

- ਇਹ ਸਭਨਾਂ ਲਈ ਹੋਵੇ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਇਸ ਤੋਂ ਵਾਂਝਾ ਰਹਿ ਜਾਵੇ।
- ਸਭਨਾਂ ਲਈ ਬਥੇਰੀ ਹੋਵੇ। ਇਹ ਕਿਸੇ ਨੂੰ ਵੀ ਅਣਦੇਖਿਆਂ ਕੀਤੇ ਬਿਨਾਂ ਸਭਨਾਂ ਦੀਆਂ ਲੋੜਾਂ ਦੀ ਪੂਰਤੀ ਕਰੇ।
- ਅਜਿਹੀ ਹੋਵੇ ਜਿਸ ਦੇ ਪਾਤਰ ਸਭ ਲੋਕ ਹੋ ਸਕਣ। ਕਿਸੇ ਵੀ ਤਰ੍ਹਾਂ ਦੀ ਕਿੰਨੀ ਵੀ ਬੁਰਿਆਈ ਕਿਸੇ ਨੂੰ ਵੀ ਇਸ ਦਾ ਹਿੱਸਾ ਬਣਨ ਤੋਂ ਰੋਕ ਨਾ ਸਕੇ।
- ਇੰਨੀ ਸੌਖੀ ਹੋਵੇ ਕਿ ਸਭ ਲੋਕ ਇਸ ਨੂੰ ਸਮਝ ਸਕਣ। ਅਜਿਹਾ ਕੰਮ ਕਰਨ ਦਾ ਕੋਈ ਲਾਭ ਨਹੀਂ ਹੈ ਜਿਸ ਨੂੰ ਕੋਈ ਸਮਝ ਹੀ ਨਾ ਸਕੇ।
- ਅਜਿਹੀ ਹੋਵੇ ਜਿਸ ਨੂੰ ਕੋਈ ਵੀ ਪ੍ਰਾਪਤ ਕਰ ਸਕੇ। ਪਰਮੇਸ਼ਰ ਵੱਲ ਜਾਂਦੇ ਸੱਚੇ ਰਾਹ ਵਿਚ ਅਜਿਹੀ ਕੋਈ ਵੀ ਸ਼ਰਤ ਨਹੀਂ ਹੋਣੀ ਚਾਹੀਦੀ ਜਿਸ ਨੂੰ ਕੋਈ ਇਨਸਾਨ ਪੂਰਾ ਨਾ ਕਰ ਸਕੇ।
- ਇਸ ਵਿਚ ਮਨੁੱਖੀ ਹੰਕਾਰ ਦੀ ਕੋਈ ਸੰਭਾਵਨਾ ਨਾ ਹੋਵੇ। ਹੰਕਾਰ ਤਾਂ ਮੂਲ ਪਾਪ ਹੈ, ਅਤੇ ਸਵਰਗ ਵਿਚ ਹੰਕਾਰ ਦੀ ਕੋਈ ਥਾਂ ਨਹੀਂ ਹੈ। ਹੰਕਾਰ ਨੂੰ ਪਰੇ ਰੱਖਣ ਲਈ ਲਾਜ਼ਮੀ ਹੈ ਕਿ ਸਭ ਲੋਕ ਸਵਰਗ ਵਿਚ ਇੱਕੋ ਜਿਹੀ ਹਾਲਤ ਵਿਚ ਜਾਣ।

- ਇਹ ਸਭ ਹੋਣ ਦੇ ਬਾਵਜੂਦ ਵੀ ਇਹ ਇਕ ਅਜਿਹੀ ਯੋਜਨਾ ਹੋਣੀ ਚਾਹੀਦੀ ਹੈ ਜਿਹੜੀ ਪਰਮੇਸ਼ਰ ਵੱਲੋਂ ਕਿਸੇ ਵੀ ਵਿਅਕਤੀ ਦੀ ਇੱਛਾ ਦੇ ਵਿਰੁੱਧ ਉਸ ਉੱਤੇ ਥੋਪੀ ਨਾ ਜਾਵੇ।

# 2

# ਇਕ ਅਦੁੱਤੀ ਹਲ

ਇਸ ਰੱਬੀ ਕਸ਼ਮਕਸ਼ ਦਾ ਸੰਭਵ ਹਲ ਇਕੋ ਹੀ ਹੈ। ਇਹ 'ਵਟਾਂਦਰਾ' ਸ਼ਬਦ ਵਿਚ ਲੁਕਿਆ ਹੋਇਆ ਹੈ। ਜ਼ਰੂਰੀ ਹੈ ਕਿ ਇਕ ਅਜਿਹਾ ਢੁਕਵਾਂ ਵਟਾਂਦਰਾ ਮਿਲੇ ਜਿਹੜਾ ਮਨੁੱਖਾਂ ਦੇ ਪਾਪਾਂ ਦਾ ਪੂਰਾ ਹਰਜਾਨਾ ਭਰ ਸਕੇ। ਸਾਡੇ ਵਿਚੋਂ ਜ਼ਿਆਦਾਤਰ ਲੋਕ 'ਵਟਾਂਦਰੇ' ਦੇ ਸਿਧਾਂਤ ਬਾਰੇ ਜਾਣਦੇ ਹਨ। ਕੁਝ ਖੇਡਾਂ ਵਿਚ ਵੀ ਅਜਿਹਾ ਹੁੰਦਾ ਹੈ ਕਿ ਕੋਚ ਆਪਣੀ ਟੀਮ ਦੇ ਕਿਸੇ ਖਿਡਾਰੀ ਨੂੰ ਮੈਦਾਨ ਵਿਚ ਕਿਸੇ ਹੋਰ ਖਿਡਾਰੀ ਦੇ ਬਦਲੇ 'ਵਟਾਂਦਰੇ' ਵੱਜੋਂ ਭੇਜਦਾ ਹੈ। ਪੁਰਾਣੇ ਨੇਮ ਦੇ ਸਮੇਂ ਦੌਰਾਨ ਇਕ ਆਮ ਇਬਰੀ ਵਿਸ਼ਵਾਸੀ 'ਵਟਾਂਦਰੇ' ਦੇ ਸਿਧਾਂਤ ਨੂੰ ਜਾਣਦਾ ਸੀ। ਜਦੋਂ ਉਹ ਕੁਰਬਾਨੀ ਦੇ ਪਸ਼ੂ ਨੂੰ ਜਗਵੇਦੀ ਦੇ ਕੋਲ ਲਿਆਉਂਦਾ ਹੁੰਦਾ ਸੀ ਅਤੇ ਆਪਣੇ ਹੱਥ ਉਸ ਪਸ਼ੂ ਦੇ ਸਿਰ ਉੱਤੇ ਰੱਖਦਾ ਹੁੰਦਾ ਸੀ, ਤਾਂ ਉਸ ਵੇਲੇ ਤਸਵੀਰ ਇਹ ਬਣਦੀ ਸੀ ਕਿ ਉਸ ਵਿਸ਼ਵਾਸੀ ਦੇ ਪਾਪ ਉਸ ਦੀ ਥਾਂ ਉਸ ਦੇ ਵਟਾਂਦਰੇ ਵਿਚ ਲਿਆਂਦੇ ਗਏ ਇਸ ਪਸ਼ੂ ਵਿਚ ਚਲੇ ਗਏ ਹਨ ਅਤੇ ਹੁਣ ਉਸ ਦੀ ਥਾਂ ਇਹ ਪਸ਼ੂ ਮਰੇਗਾ।

ਜੀ ਹਾਂ, ਇਸ ਰੱਬੀ ਕਸ਼ਮਕਸ਼ ਦਾ ਹਲ ਇਹੋ ਹੈ ਕਿ ਪਾਪੀ ਮਨੁੱਖਜਾਤੀ ਦੇ ਬਦਲੇ ਵਿਚ ਕੋਈ ਹੋਰ ਮਰੇ। ਪਰ ਹੁਣ ਇਸ 'ਵਟਾਂਦਰੇ' ਲਈ ਵੀ ਕੁਝ ਸ਼ਰਤਾਂ ਪੂਰੀਆਂ ਕੀਤੀਆਂ ਜਾਣੀਆਂ ਲਾਜ਼ਮੀ ਹਨ।

## ਇਸ ਵਟਾਂਦਰੇ ਨੂੰ ਪੰਜ ਕਸਵੱਟੀਆਂ ’ਤੇ ਖਰਾ ਉੱਤਰਨਾ ਪੈਣਾ ਹੈ

- ਜ਼ਰੂਰੀ ਹੈ ਕਿ ਇਹ ਵਟਾਂਦਰਾ ਇਕ ਮਨੁੱਖ ਹੋਵੇ। ਵਰਨਾ ਇਹ ਅਦਲਾ-ਬਦਲੀ ਨਾ ਤਾਂ ਜਾਇਜ਼ ਹੋਵੇਗੀ ਅਤੇ ਨਾ ਹੀ ਬਰਾਬਰੀ ਦੀ।
- ਜ਼ਰੂਰੀ ਹੈ ਕਿ ਇਹ ਇਕ ਨਿਸ਼ਪਾਪ ਵਿਅਕਤੀ ਹੋਵੇ। ਵਰਨਾ ਉਸ ਨੂੰ ਆਪਣਿਆਂ ਪਾਪਾਂ ਲਈ ਵੀ ਮਰਨਾ ਪਵੇਗਾ।
- ਜ਼ਰੂਰੀ ਹੈ ਕਿ ਉਹ ਪਰਮੇਸ਼ਰ ਹੋਵੇ। ਕੇਵਲ *ਬੇਅੰਤ* ਵਿਅਕਤੀ ਹੀ ਅਣਗਿਣਤ ਮਨੁੱਖਾਂ ਦੇ ਅੰਤਹੀਣ ਪਾਪਾਂ ਲਈ ਪ੍ਰਾਸਚਿਤ ਕਰ ਸਕਦਾ ਸੀ। ਇਹ ਵਟਾਂਦਰਾ ਇੰਨਾ ਵਡਮੁੱਲਾ ਹੋਣਾ ਚਾਹੀਦਾ ਹੈ ਕਿ ਇਹ ਸਾਰੀ ਮਨੁੱਖਤਾ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੇ ਪਾਪਾਂ ਦਾ ਹਰਜਾਨਾ ਭਰ ਸਕੇ।
- ਜ਼ਰੂਰੀ ਹੈ ਕਿ ਉਹ ਆਪਣਾ ਲਹੂ ਵਹਾਏ। ਕਿਉਂਕਿ ਰੱਬੀ ਵਿਵਸਥਾ ਨੇ ਇਹ ਹੁਕਮਨਾਮਾ ਜਾਰੀ ਕਰ ਦਿੱਤਾ ਸੀ ਕਿ ਲਹੂ ਵਹਾਏ ਬਿਨਾਂ ਪਾਪਾਂ ਦੀ ਮਾਫ਼ੀ ਨਹੀਂ ਮਿਲ ਸਕਦੀ। ਲਹੂ ਵਿਚ ਜੀਵਨ ਹੁੰਦਾ ਹੈ; ਇਸ ਲਈ ਜੀਵਨ ਬਚਾਉਣ ਲਈ ਜੀਵਨ ਦਿੱਤਾ ਜਾਣਾ ਜ਼ਰੂਰੀ ਹੈ।
- ਜ਼ਰੂਰੀ ਹੈ ਕਿ ਉਹ ਇਹ ਸਭ ਸਵੈ-ਇੱਛਾ ਨਾਲ ਕਰੇ। ਵਰਨਾ ਸ਼ੈਤਾਨ ਪਰਮੇਸ਼ਰ ਉੱਤੇ ਇਹ ਦੋਸ਼ ਲਗਾ ਸਕਦਾ ਸੀ ਕਿ ਉਸ ਨੇ ਕਿਸੇ ਵਿਅਕਤੀ ਨੂੰ ਉਸ ਦੀ ਇੱਛਾ ਦੇ ਖਿਲਾਫ਼ ਜਬਰਦਸਤੀ ਪਾਪੀਆਂ ਦੀ ਥਾਂ ਮਰਨ ਲਈ ਮਜਬੂਰ ਕੀਤਾ ਹੈ।

## ਯਿਸੂ ਇਨ੍ਹਾਂ ਕਸਵੱਟੀਆਂ ਉੱਤੇ ਖਰਾ ਉੱਤਰਦਾ ਹੈ

ਇਸ ਸਾਰੇ ਬ੍ਰਹਿਮੰਡ ਵਿਚ ਇਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਨ ਵਾਲਾ ਇਕਲੌਤਾ ਵਿਅਕਤੀ ਯਿਸੂ ਮਸੀਹ ਹੈ।

- ਕੁਆਰੀ ਮਰਿਯਮ ਤੋਂ ਬੈਤਲਹਮ ਵਿਚ ਜਨਮ ਲੈ ਕੇ ਉਹ ਮਨੁੱਖ ਬਣਿਆ। ਉਹ ਇਕ ਸਿੱਧ ਮਨੁੱਖ ਹੈ।[1] ਜਿਵੇਂ ਕਿ ਇਕ ਉੱਘੇ ਭਜਨਕਾਰ ਚਾਰਲਸ ਵੇਸਲੀ ਨੇ ਲਿਖਿਆ, “ਸਾਡਾ ਪਰਮੇਸ਼ਰ ਇਕ ਅਲਪਕਾਲ ਵਿਚ ਸੀਮਤ ਹੋ ਗਿਆ ਅਤੇ ਅਕੱਥ ਰੂਪ ਵਿਚ ਮਨੁੱਖ ਬਣ ਗਿਆ।”

- ਉਹ ਪਰਮੇਸ਼ਰ ਹੈ।[2] ਉਸ ਦੇ ਕੋਲ ਪਰਮੇਸ਼ਰ ਦੇ ਗੁਣ ਅਤੇ ਪਰਮੇਸ਼ਰ ਦੇ ਨਾਮ ਹਨ ਅਤੇ ਉਹ ਪਰਮੇਸ਼ਰ ਪਿਤਾ ਦੀ ਬਰਾਬਰੀ ਵਿਚ ਹੈ।
- ਉਹ ਨਿਸ਼ਪਾਪ ਹੈ। ਇਸ ਗੱਲ ਨੂੰ ਰੱਦਿਆ ਨਹੀਂ ਜਾ ਸਕਦਾ। ਉਹ ਪਾਪ ਤੋਂ *ਅਣਜਾਣ* ਸੀ, ਉਸ ਨੇ ਕੋਈ ਪਾਪ ਨਹੀਂ *ਕੀਤਾ*, ਅਤੇ ਉਸ *ਵਿਚ* ਕੋਈ ਪਾਪ ਨਹੀਂ ਹੈ।[3]
- ਉਸ ਨੇ ਪਾਪੀਆਂ ਦੇ ਵਟਾਂਦਰੇ ਵੱਜੋਂ ਕਲਵਰੀ ਦੀ ਸਲੀਬ ਉੱਤੇ ਆਪਣਾ ਲਹੂ ਵਹਾਇਆ। ਪਾਪਾਂ ਦਾ ਸ਼ੁੱਧੀਕਰਨ ਕਰਨ ਵਾਲੇ ਪਰਮੇਸ਼ਰ ਦੇ ਪੁੱਤਰ ਯਿਸੂ ਮਸੀਹ ਦੇ ਲਹੂ ਤੋਂ ਅਣਗਿਣਤ ਲੋਕਾਂ ਨੇ ਲਾਭ ਪ੍ਰਾਪਤ ਕੀਤਾ ਹੈ।[4]
- ਉਸ ਨੇ ਇਹ ਸਭ ਆਪਣੀ ਇੱਛਾ ਨਾਲ ਕੀਤਾ ਤਾਂ ਜੋ ਪਾਪੀਆਂ ਨੂੰ ਬਚਾਇਆ ਜਾ ਸਕੇ। ਉਸ ਨੇ ਨਾ ਤਾਂ ਕੋਈ ਅਨਿੱਛਾ ਜਾਹਿਰ ਕੀਤੀ ਅਤੇ ਨਾ ਹੀ ਉਹ ਝਿਝਕਿਆ। ਇਸ ਦੇ ਉਲਟ ਉਸ ਨੇ ਪਰਮੇਸ਼ਰ ਦੀ ਇੱਛਾ ਦੇ ਪ੍ਰਤੀ ਖੁਸ਼ੀ-ਖੁਸ਼ੀ ਸਮਰਪਣ ਕਰ ਦਿੱਤਾ।5

ਮਸੀਹ ਦਾ ਸਾਡਾ ਵਟਾਂਦਰਾ ਬਣਨ ਦੀ ਸੱਚਾਈ ਸਾਨੂੰ ਪੂਰੀ ਬਾਈਬਲ ਵਿਚ ਹੀ ਮਿਲਦੀ ਹੈ। ਯਸਾਯਾਹ ਨਿਡਰਤਾ ਦੇ ਨਾਲ ਇਹ ਘੋਸ਼ਣਾ ਕਰਦਾ ਹੈ, "ਸੱਚ ਮੁੱਚ ਉਸ ਨੇ ਸਾਡੇ ਗ਼ਮ ਚੁੱਕ ਲਏ ਅਤੇ ਸਾਡੇ ਦੁਖ ਉਠਾਏ... ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ...ਅਤੇ ਯਹੋਵਾਹ ਨੇ ਸਾਡੇ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ।"[6] ਯੂਹੰਨਾ ਬਪਤਿਸਤਾ ਨੇ ਵੀ ਇਹ ਹਾਕ ਲਗਾਈ, "ਵੇਖੋ! ਪਰਮੇਸ਼ਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ"[7] ਰਸੂਲ ਪੌਲੁਸ ਨੇ ਬੜੀ ਹੈਰਾਨੀ ਨਾਲ ਆਖਿਆ, "ਪਰਮੇਸ਼ਰ ਦਾ ਪੁੱਤਰ...ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।"[8] ਪਤਰਸ ਨੇ ਆਪਣੀ ਗਵਾਹੀ ਇਸ ਤਰ੍ਹਾਂ ਦਿੱਤੀ: "ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿਚ ਰੁੱਖ ਉੱਤੇ ਚੁੱਕ ਲਿਆ।"[9] ਪ੍ਰੇਮ ਦੇ ਰਸੂਲ ਦੁਆਰਾ ਕੀਤੇ ਗਏ ਇਸ ਦਾਅਵੇ ਨੂੰ ਵੀ ਅਣਗੌਲਿਆ ਨਹੀਂ ਜਾ ਸਕਦਾ, "ਉਹ ਸਾਡਿਆਂ ਪਾਪਾਂ ਦਾ ਪਰਾਸਚਿੱਤ ਹੈ ਪਰ ਨਿਰੇ ਸਾਡਿਆਂ ਹੀ ਦਾ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ।"[10]

## ਪਰਮੇਸ਼ਰ ਦੀ ਮੁਕਤੀ ਦੀ ਯੋਜਨਾ ਸਾਰੀਆਂ ਕਸਵੱਟੀਆਂ ਉੱਤੇ ਖਰੀ ਉੱਤਰਦੀ ਹੈ

ਜਦਕਿ ਪ੍ਰਭੂ ਯਿਸੂ ਵਟਾਂਦਰੇ ਦੀ ਕੁਰਬਾਨੀ ਲਈ ਲੋੜੀਂਦੀਆਂ ਸਾਰੀਆਂ ਮੰਗਾਂ ਨੂੰ ਹਰ ਪੱਖੋਂ ਪੂਰਿਆਂ ਕਰਦਾ ਹੈ, ਇਸ ਲਈ ਪਰਮੇਸ਼ਰ ਹੁਣ ਆਪਣੀ ਮੁਕਤੀ ਦੇ ਅਦਭੁਤ ਰਾਹ ਦੀ ਅਤੇ ਆਪਣੀ ਕਿਰਪਾ ਦੀ ਖੁਸ਼ਖਬਰੀ ਦੀ ਘੋਸ਼ਣਾ ਖੁੱਲ੍ਹੇਆਮ ਕਰ ਸਕਦਾ ਹੈ। ਉਹ ਉਨ੍ਹਾਂ ਸਭਨਾਂ ਨੂੰ ਮੁਕਤੀ ਦਾ ਤੋਹਫ਼ਾ ਦੇ ਸਕਦਾ ਹੈ ਜਿਹੜੇ ਆਪਣੇ ਪਾਪਾਂ ਤੋਂ ਤੋਬਾ ਕਰਦੇ ਹਨ ਅਤੇ ਉਸ ਦੇ ਪੁੱਤਰ ਯਿਸੂ ਉੱਤੇ ਵਿਸ਼ਵਾਸ ਕਰਕੇ ਉਸ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਸਵੀਕਾਰ ਕਰਦੇ ਹਨ।

- ਧਿਆਨ ਦਵੋ ਕਿ ਇਹ ਮੁਕਤੀ ਸਭਨਾਂ ਲਈ ਉਪਲਬਧ ਹੈ। ਖੁਸ਼ਖਬਰੀ ਆਖਦੀ ਹੈ, "ਜੋ ਕੋਈ ਉਸ ਉੱਤੇ ਵਿਸ਼ਵਾਸ ਕਰਦਾ ਹੈ ਉਹ ਨਾਸ ਨਾ ਹੋਵੇਗਾ ਪਰ ਸਦੀਪਕ ਜੀਵਨ ਪ੍ਰਾਪਤ ਕਰੇਗਾ।"[11] ਜੇਕਰ ਇਹ ਦੌਲਤ ਉੱਤੇ ਅਧਾਰਿਤ ਹੁੰਦਾ ਤਾਂ ਗਰੀਬ ਇਸ ਨੂੰ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ ਸਨ।
- ਇਹ ਸਭਨਾਂ ਲਈ ਕਾਫ਼ੀ ਹੈ।[12] ਇਸ ਸਨਾਤਨ ਮੁਕਤੀਦਾਤਾ ਦੀ ਮੌਤ ਵਿਚ ਸਾਰੀ ਦੁਨੀਆ ਦੇ ਸਾਰੇ ਪਾਪਾਂ ਲਈ ਪ੍ਰਾਸਚਿਤ ਕਰਨ ਦੀ ਤਾਕਤ ਹੈ। ਇਹ ਹਰ ਪੱਖੋਂ ਪੂਰੀ ਤਰ੍ਹਾਂ ਕਾਫ਼ੀ ਹੈ।
- ਹਰ ਕੋਈ ਇਸ ਨੂੰ ਪ੍ਰਾਪਤ ਕਰਨ ਦੇ ਯੋਗ ਹੈ ਕਿਉਂਕਿ ਹਰ ਕੋਈ ਪਾਪੀ ਹੈ।[13] ਮਨੁੱਖ ਦੀ ਇਹ ਅਯੋਗਤਾ ਹੀ ਉਸ ਨੂੰ ਪਰਮੇਸ਼ਰ ਦੀ ਮੁਕਤੀ ਦੇ ਯੋਗ ਬਣਾਉਂਦੀ ਹੈ। ਇਹ ਚੰਗੀ ਗੱਲ ਹੈ ਕਿ ਸਦੀਪਕ ਜੀਵਨ ਦਾ ਇਹ ਤੋਹਫ਼ਾ ਕੇਵਲ ਬੁੱਧਵਾਨਾਂ, ਅਮੀਰਾਂ, ਸੋਹਣਿਆਂ-ਸੁਨੱਖਿਆਂ ਜਾਂ ਉੱਘੇ ਲੋਕਾਂ ਲਈ ਹੀ ਨਹੀਂ ਹੈ। ਵਰਨਾ ਸਾਡੇ ਵਿਚੋਂ ਕੁਝ ਲੋਕ ਤਾਂ ਇਸ ਦੇ ਯੋਗ ਕਦੇ ਵੀ ਨਹੀਂ ਬਣ ਸਕਦੇ ਸਨ। ਇਥੋਂ ਤਕ ਕਿ ਜੇਕਰ ਇਹ ਕੇਵਲ ਉਨ੍ਹਾਂ ਲਈ ਹੁੰਦੀ ਜਿਹੜੇ ਪੜ੍ਹ-ਲਿਖ ਸਕਦੇ ਹਨ, ਜਿਹੜੇ ਚੜ੍ਹਾਈਆਂ ਚੜ੍ਹ ਸਕਦੇ ਹਨ, ਜਿਹੜੇ ਬੋਲ ਸਕਦੇ ਹਨ, ਜਾਂ ਜਿਹੜੇ ਦੇਖ ਸਕਦੇ ਹਨ, ਤਾਂ ਵੀ ਕੁਝ ਲੋਕ ਇਸ ਤੋਂ ਵਾਂਝੇ ਰਹਿ ਜਾਂਦੇ। ਕੇਵਲ ਖੁਸ਼ਖਬਰੀ ਹੀ ਅਜਿਹੀ ਹੈ ਜਿਹੜਾ ਸਾਰੀ ਦੁਨੀਆਂ ਲਈ ਢੁਕਵੀਂ ਹੈ।

- ਇਹ ਇੰਨੀ ਸੌਖੀ ਹੈ ਕਿ ਇਸ ਨੂੰ ਕੋਈ ਵੀ ਸਮਝ ਸਕਦਾ ਹੈ। ਇਥੋਂ ਤਕ ਕਿ ਕੋਈ ਆਦੀਵਾਸੀ ਜਾਂ ਅਨਪੜ੍ਹ ਵੀ ਇਸ ਨੂੰ ਅਸਾਨੀ ਨਾਲ ਸਮਝ ਸਕਦਾ ਹੈ। ਖ਼ੁਸ਼ਖਬਰੀ ਵਿਚ ਪ੍ਰਭੂ ਯਿਸੂ ਆਖਦਾ ਹੈ, "ਆਓ।"[14] ਇਸ ਵਿਚ ਕੁਝ ਵੀ ਪੇਚੀਦਾ ਨਹੀਂ ਹੈ। ਵਿਲੀਅਮ ਕੂਪਰ ਨੇ ਇਸ ਨੂੰ ਇਸ ਤਰ੍ਹਾਂ ਆਖਿਆ, "ਵੇਖੋ! ਮਨੁੱਖ ਦੇ ਪੇਚੀਦਾ ਕੰਮਾਂ ਦੇ ਉਲਟ ਸਵਰਗ ਦੀ ਯੋਜਨਾ ਕਿੰਨੀ ਸੌਖੀ, ਸਧਾਰਨ ਅਤੇ ਝੰਝਟ-ਰਹਿਤ ਹੈ!"
- ਇਸ ਨੂੰ ਕੋਈ ਵੀ ਪ੍ਰਾਪਤ ਕਰ ਸਕਦਾ ਹੈ।[15] ਮੁਕਤੀ ਤੋਬਾ ਕਰਨ ਤੋਂ ਪ੍ਰਾਪਤ ਹੁੰਦੀ ਹੈ; ਇਹ ਤਾਂ ਕੋਈ ਵੀ ਕਰ ਸਕਦਾ ਹੈ। ਇਹ ਵਿਸ਼ਵਾਸ ਰਾਹੀਂ ਪ੍ਰਾਪਤ ਹੁੰਦੀ ਹੈ; ਪ੍ਰਭੂ ਯਿਸੂ ਮਸੀਹ ਵਿਚ ਤਾਂ ਕੋਈ ਵੀ ਵਿਸ਼ਵਾਸ ਕਰ ਸਕਦਾ ਹੈ। ਉਸ ਤੋਂ ਵਧ ਕੇ ਭਰੋਸੇਯੋਗ ਤਾਂ ਕੋਈ ਹੈ ਹੀ ਨਹੀਂ, ਅਤੇ ਨਾ ਹੀ ਇਸ ਤੋਂ ਵਾਜਬ ਗੱਲ ਕੋਈ ਹੋਰ ਹੋ ਸਕਦੀ ਹੈ ਕਿ ਸਰਿਸ਼ਟੀ ਆਪਣੇ ਸਿਰਜਣਹਾਰ ਉੱਤੇ ਭਰੋਸਾ ਰੱਖੇ।
- ਕਿਰਪਾ ਵਿਚ ਘਮੰਡ ਦੀ ਕੋਈ ਥਾਂ ਨਹੀਂ ਹੈ। ਇਹ ਆਖਦੀ ਹੈ, "ਮੈਂ ਤਾਂ ਕੇਵਲ ਪਾਪ ਹੀ ਕੀਤੇ ਹਨ। ਮਸੀਹ ਨੇ ਕੇਵਲ ਮੁਕਤੀ ਲਿਆਂਦੀ ਹੈ। ਮੇਰਾ ਆਧਾਰ ਉਸ ਦੀ ਲਿਆਕਤ ਹੈ, ਮੇਰੀ ਨਹੀਂ। ਮੈਨੂੰ ਆਪਣੀ ਸ਼ਖਸੀਅਤ ਜਾਂ ਕੰਮਾਂ ਸਦਕਾ ਸਵਰਗ ਵਿਚ ਪ੍ਰਵੇਸ਼ ਕਰਨ ਦਾ ਅਧਿਕਾਰ ਕਦੇ ਵੀ ਨਹੀਂ ਮਿਲ ਸਕਦਾ। ਮੇਰਾ ਪਾਸਪੋਰਟ ਕੇਵਲ ਮਸੀਹ ਹੈ।" ਜੇਕਰ ਕਿਤੇ ਅਸੀਂ ਆਪਣੇ ਪ੍ਰਦਰਸ਼ਨ ਸਦਕਾ ਜਾਂ ਮੰਨ ਲਈਏ ਕਿ ਸਾਡੇ ਚੰਗੇ ਚਰਿੱਤਰ ਸਦਕਾ ਸਵਰਗ ਵਿਚ ਜਾਣ ਦਾ ਅਧਿਕਾਰ ਪ੍ਰਾਪਤ ਕਰ ਵੀ ਲਈਏ ਤਾਂ ਅਸੀਂ ਘਮੰਡ ਦਾ ਸ਼ਿਕਾਰ ਹੋ ਸਕਦੇ ਹਾਂ। ਅਤੇ ਘਮੰਡ ਦਾ ਦਰਜਾ ਵੀ ਵੱਖ-ਵੱਖ ਹੋ ਜਾਵੇਗਾ, ਹਰੇਕ ਦਰਜਾ ਇਕ ਦੂਜੇ ਤੋਂ ਅਗਾਹਾਂ ਵਧਣਾ ਚਾਹੇਗਾ। ਸਵਰਗ ਇਕ ਅਜਿਹੀ ਥਾਂ ਬਣ ਕੇ ਰਹਿ ਜਾਵੇਗਾ ਜਿਥੇ ਸਭ ਇਕ ਦੂਜੇ ਤੋਂ ਉੱਤੇ ਜਾਣਾ ਚਾਹੁਣਗੇ, ਜਿਥੇ ਝਗੜੇ, ਵੈਰ, ਈਰਖਾ ਅਤੇ ਵਿਰੋਧ ਭਰ ਜਾਵੇਗਾ। ਚਕ ਸਮਿਥ ਇਸ ਦਾ ਬਿਆਨ ਇਸ ਤਰ੍ਹਾਂ ਕਰਦੇ ਹਨ: "ਮੈਂ ਉਥੇ ਬੈਠਾ ਤੇਰੀਆਂ ਕਹਾਣੀਆਂ ਸੁਣਦਾ ਇਹੋ ਸੋਚੀ ਜਾਂਵਾਂਗਾ, 'ਇਹ ਕਿਉਂ ਮੇਰੇ ਕੰਨ ਖਾਈ ਜਾ ਰਿਹਾ ਹੈ! ਇਹ ਕਦੋਂ ਆਪਣਾ ਮੂੰਹ ਬੰਦ ਕਰੇਗਾ ਕਿ ਮੈਂ ਇਸ ਨੂੰ ਦੱਸ ਸਕਾਂ ਕਿ ਮੈਂ ਕਿੰਨਾ ਵਧੀਆ ਇਨਸਾਨ ਹਾਂ!'"[16] ਇਹ ਤਾਂ ਸਵਰਗ ਰਹਿ ਹੀ ਨਹੀਂ ਜਾਵੇਗਾ।

- ਮਨੁੱਖ ਮਜਬੂਰ ਨਹੀਂ ਹੈ ਕਿ ਉਹ ਪਰਮੇਸ਼ਰ ਦੀ ਮੁਕਤੀ ਨੂੰ ਸਵੀਕਾਰ ਕਰੇ।[17] ਸਿਰਜਣਹਾਰ ਪਰਮੇਸ਼ਰ ਨੇ ਮਨੁੱਖ ਨੂੰ ਇਕ ਅਜ਼ਾਦ ਇੱਛਾ ਵਾਲਾ ਜੀਵ ਬਣਾਇਆ ਹੈ। ਇਹ ਸੁਣ ਕੇ ਹੈਰਾਨੀ ਤਾਂ ਹੁੰਦੀ ਹੈ, ਪਰ ਇਹ ਸੱਚ ਹੈ ਕਿ ਹਰ ਕੋਈ ਮੁਕਤੀ ਪ੍ਰਾਪਤ ਕਰਨਾ ਨਹੀਂ ਚਾਹੁੰਦਾ। ਪਰਮੇਸ਼ਰ ਕਿਸੇ ਉੱਤੇ ਵੀ ਜਬਰਦਸਤੀ ਸਵਰਗ ਨੂੰ ਥੋਪਦਾ ਨਹੀਂ ਹੈ। ਉਹ ਕਿਸੇ ਨੂੰ ਵੀ ਉਸ ਦੀ ਇੱਛਾ ਦੇ ਵਿਰੁੱਧ ਸਵਰਗ ਨਹੀਂ ਲੈ ਕੇ ਜਾਵੇਗਾ। ਤੁਸੀਂ ਇਸ ਗੱਲ ਲਈ ਨਿਸ਼ਚਿਤ ਹੋ ਸਕਦੇ ਹੋ ਕਿ ਜਿਹੜਾ ਵੀ ਧਰਮ ਜਬਰਦਸਤੀ, ਤਸ਼ੱਦਦ ਅਤੇ ਜ਼ੁਲਮ ਦੁਆਰਾ ਵਧਦਾ ਹੈ, ਉਹ ਸੱਚਾ ਹੋ ਹੀ ਨਹੀਂ ਸਕਦਾ।

ਇਸ ਤਰ੍ਹਾਂ ਅਸੀਂ ਵੇਖ ਸਕਦੇ ਹਾਂ ਕਿ ਪਰਮੇਸ਼ਰ ਦਾ ਮੁਕਤੀ ਦਾ ਰਾਹ ਸਿੱਧ ਹੈ। ਇਹ ਪਰਮੇਸ਼ਰ ਦੀਆਂ ਸਾਰੀਆਂ ਮੰਗਾਂ ਲਈ ਲੋੜੀਂਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਿਆਂ ਕਰਦਾ ਹੈ ਅਤੇ ਨਾਲ ਹੀ ਇਹ ਸਾਰੀ ਮਨੁੱਖਜਾਤੀ ਲਈ ਉਪਲਬਧ ਵੀ ਹੈ। ਸਲੀਬ ਉੱਤੇ ਕੀਤੇ ਗਏ ਮਸੀਹ ਦੇ ਕੰਮ ਨੇ ਪਰਮੇਸ਼ਰ ਨੂੰ ਇਸ ਕਾਬਿਲ ਬਣਾ ਦਿੱਤਾ ਕਿ ਉਹ ਆਪਣੇ ਨਿਆਂ ਨਾਲ ਸਮਝੌਤਾ ਕੀਤੇ ਬਿਨਾਂ ਆਪਣਾ ਪ੍ਰੇਮ ਸਭਨਾਂ ਲਈ ਪੂਰੀ ਤਰ੍ਹਾਂ ਪ੍ਰਦਰਸ਼ਿਤ ਕਰ ਸਕੇ। ਜ਼ਬੂਰਕਾਰ ਇਸ ਨੂੰ ਕਾਵਿ ਰੂਪ ਵਿਚ ਇਸ ਤਰ੍ਹਾਂ ਆਖਦਾ ਹੈ:

"ਦਯਾ ਅਤੇ ਸਚਿਆਈ ਆਪੋ ਵਿਚ ਮਿਲ ਗਈਆਂ;
ਧਰਮ ਅਤੇ ਸ਼ਾਂਤੀ ਨੇ ਇਕ ਦੂਏ ਨੂੰ ਚੁੰਮਿਆ ਹੈ।"[18]

ਪਰਮੇਸ਼ਰ ਦੇ ਚਰਿੱਤਰ ਨੂੰ ਅਤੇ ਮਨੁੱਖ ਦੇ ਪਾਪ ਨੂੰ ਧਿਆਨ ਵਿਚ ਰੱਖਦਿਆਂ ਇਹ ਸਪਸ਼ਟ ਹੈ ਕਿ ਮੁਕਤੀ ਦਾ ਇਕਮਾਤਰ ਰਾਹ ਇਹੋ ਹੈ। ਹੋਰ ਕਿਸੇ ਵੀ ਰਾਹ ਤੋਂ ਲੋਕਾਂ ਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਸੀ।

ਮੈਕਸ ਲੁਕੈਡੋ ਦੱਸਦੇ ਹਨ:

ਸੰਸਾਰ ਦਾ ਹੋਰ ਕੋਈ ਵੀ ਧਰਮ ਅਜਿਹਾ ਸੁਨੇਹਾ ਪੇਸ਼ ਨਹੀਂ ਕਰਦਾ। ਬਾਕੀ ਸਾਰੇ ਧਰਮ ਡਾਢੇ ਕਰਮਕਾਂਡਾਂ, ਸਹੀ ਤਿਆਗ, ਸਹੀ ਜਾਪ, ਸਹੀ ਰਸਮਾਂ, ਸਹੀ ਜਲਸਿਆਂ ਜਾਂ ਸਹੀ ਅਨੁਭੂਤੀਆਂ ਦੀ ਮੰਗ ਕਰਦੇ ਹਨ।

ਉਨ੍ਹਾਂ ਦਾ ਰਾਜ ਸੌਦੇਬਾਜੀ ਅਤੇ ਵਪਾਰ ਦਾ ਰਾਜ ਹੈ। ਤੁਸੀਂ ਇਹ ਕਰੋ ਤਾਂ ਪਰਮੇਸ਼ਰ ਤੁਹਾਨੂੰ ਆਹ ਦੇ ਦੇਵੇਗਾ।

> ਨਤੀਜਾ? ਜਾਂ ਤਾਂ ਘਮੰਡ ਜਾਂ ਡਰ। ਘਮੰਡ ਇਸ ਕਰਕੇ ਕਿਉਂਕਿ ਤੁਹਾਨੂੰ ਲੱਗੇਗਾ ਕਿ ਇਹ ਤੁਸੀਂ ਕਮਾਇਆ ਹੈ, ਡਰ ਇਸ ਕਰਕੇ ਕਿ ਤੁਹਾਨੂੰ ਲੱਗੇਗਾ ਕਿ ਇਹ ਤੁਹਾਥੋਂ ਹੋ ਨਹੀਂ ਸਕਿਆ।

ਮਸੀਹ ਦਾ ਰਾਜ ਇਸ ਦੇ ਬਿਲਕੁਲ ਉਲਟ ਹੈ। ਇਹ ਮਸਕੀਨਾਂ ਦਾ ਰਾਜ ਹੈ। ਅਜਿਹਾ ਰਾਜ ਜਿਥੇ ਦੀ ਨਾਗਰਿਕਤਾ *ਬਖਸ਼ੀ* ਜਾਂਦੀ ਹੈ, *ਖਰੀਦੀ* ਨਹੀਂ ਜਾਂਦੀ। ਤੁਹਾਨੂੰ 'ਗੋਦ ਲਿਆ' ਗਿਆ ਹੈ। ਅਤੇ ਅਜਿਹਾ ਉਦੋਂ ਨਹੀਂ ਹੁੰਦਾ ਹੈ ਜਦੋਂ ਤੁਸੀਂ ਕਾਫ਼ੀ ਕੁਝ ਕਰ ਲੈਂਦੇ ਹੋ, ਸਗੋਂ ਉਦੋਂ ਹੁੰਦਾ ਹੈ ਜਦੋਂ ਤੁਸੀਂ ਇਹ ਮੰਨ ਲੈਂਦੇ ਹੋ ਕਿ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਤੁਸੀਂ ਇਸ ਨੂੰ ਕਮਾਉਂਦੇ ਨਹੀਂ ਹੋ, ਤੁਸੀਂ ਕੇਵਲ ਇਸ ਨੂੰ ਕਬੂਲ ਕਰਦੇ ਹੋ। ਨਤੀਜੇ ਵੱਜੋਂ, ਤੁਸੀਂ ਸੇਵਾ ਕਰਦੇ ਹੋ, ਘਮੰਡ ਜਾਂ ਡਰ ਸਦਕਾ ਨਹੀਂ, ਸਗੋਂ ਸ਼ੁਕਰਗੁਜ਼ਾਰੀ ਸਦਕਾ।[19]

ਜੌਨ ਮੈਕਆਰਥਰ ਦਾ ਵਿਚਾਰ ਇਹ ਹੈ ਕਿ ਦੁਨੀਆਭਰ ਵਿਚ ਕੇਵਲ ਦੋ ਹੀ ਧਰਮ ਹਨ:

ਮਨੁੱਖ ਜਾਂ ਸ਼ੈਤਾਨ ਦੁਆਰਾ ਘੜਿਆ ਗਿਆ ਹਰੇਕ ਗਲਤ ਧਰਮ *ਮਨੁੱਖੀ ਉੱਦਮਾਂ ਦਾ ਧਰਮ ਹੈ।* ਹਰੇਕ ਗੈਰਮਸੀਹੀ ਧਰਮ, ਮਾਨਵਵਾਦ, ਜੀਵਾਤਮਾਵਾਦ ਅਤੇ ਨਾਮਧਾਰੀ ਮਸੀਹਤ ਇਸੇ ਵਰਗ ਵਿਚ ਆਉਂਦੇ ਹਨ। ਇਹ ਧਾਰਮਿਕਤਾ ਪ੍ਰਾਪਤ ਕਰਨ ਲਈ ਜਾਂ ਆਪਣੇ ਈਸ਼ਵਰਾਂ ਨੂੰ ਖੁਸ਼ ਕਰਨ ਲਈ ਲੋਕਾਂ ਦੁਆਰਾ *ਕੀਤੇ* ਜਾਣ ਵਾਲੇ ਕੰਮਾਂ ਉੱਤੇ ਜ਼ੋਰ ਦਿੰਦੇ ਹਨ।

ਕੇਵਲ ਬਾਈਬਲ ਅਧਾਰਿਤ ਮਸੀਹਤ ਹੀ ਇਕ ਅਜਿਹਾ ਪੰਥ ਹੈ ਜਿਸ ਵਿਚ *ਸਾਰਾ ਕੁਝ ਪਰਮੇਸ਼ਰ ਨੇ ਆਪ ਪੂਰਾ ਕੀਤਾ ਹੈ।* ਬਾਕੀ ਦੇ ਧਰਮ ਆਖਦੇ ਹਨ, "ਇਹ ਕਰੋ।" ਮਸੀਹਤ ਆਖਦੀ ਹੈ, "ਇਹ ਪੂਰਾ ਹੋ ਚੁੱਕਾ ਹੈ" (ਯੂਹੰਨਾ 19:30)। ਬਾਕੀ ਦੇ ਧਰਮ ਇਹ ਮੰਗ ਕਰਦੇ ਹਨ ਕਿ ਸ਼ਰਧਾਲੂ ਆਪਣੇ ਪਾਪ ਬਖਸ਼ਾਉਣ ਲਈ, ਆਪਣੇ ਈਸ਼ਵਰਾਂ ਨੂੰ ਪ੍ਰਸੰਨ ਕਰਨ ਲਈ ਜਾਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਪਰਵਾਨ ਠਹਿਰਣ ਲਈ ਆਪ ਕੁਝ ਉੱਦਮ

ਕਰੇ। ਪਰ ਬਾਈਬਲ ਆਖਦੀ ਹੈ ਕਿ ਮਸੀਹ ਦੇ ਉੱਦਮ ਵਿਸ਼ਵਾਸ ਕਰਨ ਵਾਲੇ ਪਾਪੀਆਂ ਦੇ ਲੇਖੇ ਲਿਖ ਦਿੱਤੇ ਗਏ ਹਨ।[20]

ਸਪਰਜਨ ਨੇ ਕਿਹਾ:

ਕਿਸ ਨੇ ਸੋਚਿਆ ਹੋਵੇਗਾ ਜਾਂ ਕੌਣ ਸੋਚ ਸਕਦਾ ਸੀ ਕਿ *ਇਕ ਧਰਮੀ ਪਾਤਸ਼ਾਹ ਅਧਰਮੀ ਆਕੀਆਂ ਖ਼ਾਤਰ ਆਪਣੀ ਜਾਨ ਕੁਰਬਾਨ ਕਰ ਦੇਵੇਗਾ?* ਇਹ ਕੋਈ ਮਨੁੱਖੀ ਮਿਥਿਹਾਸ ਦੀ ਕਥਾ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਕਵੀ ਦਾ ਕੋਈ ਕਲਪਨਾਤਮਕ ਸੁਫ਼ਨਾ ਹੈ। ਮਨੁੱਖਾਂ ਵਿਚ ਪ੍ਰਾਸਚਿਤ ਦੇ ਇਸ ਤਰੀਕੇ ਦੇ ਵਜੂਦ ਦਾ ਇਕੋ ਇਕ ਕਾਰਨ ਇਹ ਹੈ ਕਿ ਇਹ ਹਕੀਕਤ ਹੈ। ਕਥਾ-ਕਹਾਣੀਆਂ ਇਸ ਤਰੀਕੇ ਦੀ ਕਾਢ ਨਹੀਂ ਕੱਢ ਸਕਦੀਆਂ ਸਨ। ਇਸ ਨੂੰ ਤਾਂ ਪਰਮੇਸ਼ਰ ਨੇ ਆਪ ਥਾਪਿਆ ਹੈ। ਇਹ ਤਾਂ ਇਕ ਅਜਿਹਾ ਮਸਲਾ ਹੈ ਜਿਸ ਦੀ ਕਲਪਨਾ ਵੀ ਅਸੰਭਵ ਸੀ।[21]

# 3

# ਹੁਣ ਖੁਸ਼ਖਬਰੀ

ਕੰਮਾਂ ਤੋਂ ਨਹੀਂ ਪਰ ਕਿਰਪਾ ਰਾਹੀਂ ਮੁਕਤੀ ਬਾਰੇ ਦੱਸਣ ਵਾਲੀਆਂ ਬਾਈਬਲ ਦੀਆਂ ਸਭ ਤੋਂ ਸਪਸ਼ਟ ਆਇਤਾਂ ਸ਼ਾਇਦ ਰੋਮੀਆਂ 4:4-5 ਹਨ:

> ਹੁਣ ਜਿਹੜਾ ਕੰਮ ਕਰਦਾ ਹੈ ਉਹ ਦੀ ਮਜੂਰੀ ਬਖ਼ਸ਼ੀਸ਼ ਨਹੀਂ ਸਗੋਂ ਹੱਕ ਗਿਣੀਦੀ ਹੈ।
> ਪਰ ਜਿਹੜਾ ਕੰਮ ਨਾ ਕਰਕੇ ਉਸ ਉੱਤੇ ਨਿਹਚਾ ਕਰਦਾ ਹੈ
> ਜਿਹੜਾ ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ
> ਉਹ ਦੀ ਨਿਹਚਾ ਧਰਮ ਗਿਣੀਦੀ ਹੈ।

ਇਨ੍ਹਾਂ ਆਇਤਾਂ ਵਿਚ ਦਿੱਤੀਆਂ ਗਈਆਂ ਹੇਠ ਲਿਖੀਆਂ ਸੱਚਾਈਆ ਉੱਤੇ ਗੌਰ ਕਰੋ:

ਜਦੋਂ ਕੋਈ ਵਿਅਕਤੀ ਮਿਹਨਤ ਕਰਕੇ ਮਜਦੂਰੀ ਪ੍ਰਾਪਤ ਕਰਦਾ ਹੈ, ਤਾਂ ਉਸ ਨੂੰ ਕੇਵਲ ਉਹੀ ਪ੍ਰਾਪਤ ਹੁੰਦਾ ਹੈ ਜਿਹੜਾ ਉਸ ਦੇ ਮਾਲਕ ਵੱਲੋਂ ਉਸ ਨੂੰ ਦੇਣਾ ਬਣਦਾ ਹੈ। ਇਸ ਨੂੰ ਉਸ ਮਾਲਕ ਦੇ ਪੱਖ ਵਿਚ ਦੇਣਦਾਰੀ ਤਾਂ ਕਿਹਾ ਜਾ ਸਕਦਾ ਹੈ ਪਰ ਕਿਰਪਾ ਨਹੀਂ।

ਪਰਮੇਸ਼ਰ ਦੀ ਮੁਕਤੀ ਇਹੋ ਜਿਹੀ ਨਹੀਂ ਹੈ। ਇਹ ਭਾਵੇਂ ਕਿੰਨਾਂ ਵੀ ਹੈਰਾਨੀਜਨਕ ਕਿਉਂ ਨਾ ਜਾਪੇ, ਪਰ ਇਹ ਸੱਚ ਹੈ ਕਿ ਪਰਮੇਸ਼ਰ ਕੇਵਲ ਉਨ੍ਹਾਂ ਨੂੰ ਹੀ ਬਚਾਉਂਦਾ ਹੈ ਜਿਹੜੇ ਕੰਮ ਨਹੀਂ ਕਰਦੇ, ਕਹਿਣ ਦਾ ਭਾਵ ਇਹ ਹੈ ਕਿ ਉਹ ਉਨ੍ਹਾਂ ਨੂੰ ਬਚਾਉਂਦਾ ਹੈ ਜਿਹੜੇ ਮੁਕਤੀ ਨੂੰ ਕਮਾਉਣ ਦਾ ਜਾਂ ਇਸ ਦੇ ਲਾਇਕ ਬਣਨ ਦਾ ਜਤਨ ਨਹੀਂ ਕਰਦੇ ਸਗੋਂ ਇਸ ਨੂੰ ਇਕ

ਤੋਹਫ਼ੇ ਵੱਜੋਂ ਕਬੂਲ ਕਰਦੇ ਹਨ। ਕੰਮ ਕਰਨੇ ਛੱਡ ਕੇ ਹੀ ਅਸੀਂ ਪਰਮੇਸ਼ਰ ਦੇ ਵਿਸ਼ਰਾਮ ਵਿਚ ਪ੍ਰਵੇਸ਼ ਕਰ ਸਕਦੇ ਹਾਂ।[22]

ਹੈਰਾਨੀ ਦੀ ਇਕ ਹੋਰ ਗੱਲ ਇਹ ਵੀ ਹੈ ਕਿ ਉਹ ਕੇਵਲ ਕੁਧਰਮੀ ਲੋਕਾਂ ਨੂੰ ਹੀ ਬਚਾਉਂਦਾ ਹੈ ਚੰਗੇ ਲੋਕਾਂ ਨੂੰ ਨਹੀਂ, ਉਨ੍ਹਾਂ ਲੋਕਾਂ ਨੂੰ ਨਹੀਂ ਜਿਹੜੇ ਆਪਣੇ ਸਰਬਉੱਤਮ ਕੰਮ ਕਰਦੇ ਹਨ, ਸਗੋਂ ਅਜਿਹੇ ਲੋਕਾਂ ਨੂੰ ਜਿਹੜੇ ਮੰਨ ਲੈਂਦੇ ਹਨ ਕਿ ਉਹ ਕੁਧਰਮੀ ਹਨ। ਕਹਿਣ ਦਾ ਭਾਵ ਹੈ ਕਿ ਅਜਿਹੇ ਲੋਕਾਂ ਨੂੰ ਜਿਹੜੇ ਤੋਬਾ ਕਰਦੇ ਹਨ।

"ਵਿਸ਼ਵਾਸ" ਸ਼ਬਦ ਉੱਤੇ ਗੌਰ ਕਰੋ। ਇਹ ਬਹੁਤ ਮਹੱਤਵਪੂਰਨ ਹੈ। ਇਸ ਵਿਸ਼ਵਾਸ ਦਾ ਅਰਥ ਹੈ ਯਿਸੂ ਮਸੀਹ ਨੂੰ ਪ੍ਰਭੂ ਅਤੇ ਮੁਕਤੀਦਾਤਾ ਵੱਜੋਂ ਕਬੂਲ ਕਰਨਾ। ਇਸ ਦਾ ਅਰਥ ਹੈ ਉਸ ਨੂੰ ਅਜਿਹੇ ਵਿਅਕਤੀ ਵੱਜੋਂ ਕਬੂਲ ਕਰਨਾ ਜਿਸ ਨੇ ਸਾਡੇ ਪਾਪਾਂ ਦੀ ਸਜ਼ਾ ਸਹਿ ਲਈ। ਇਸ ਦਾ ਅਰਥ ਹੈ ਉਸ ਉੱਤੇ ਸਵਰਗ ਦੀ ਇਕਮਾਤਰ ਉਮੀਦ ਵੱਜੋਂ ਆਸ ਰੱਖਣਾ। ਪਵਿੱਤਰ ਸ਼ਾਸਤਰ ਬਾਰ-ਬਾਰ ਇਹੋ ਗਵਾਹੀ ਦਿੰਦਾ ਹੈ ਕਿ ਮੁਕਤੀ ਮਸੀਹ ਵਿਚ ਵਿਸ਼ਵਾਸ ਕਰਨ ਨਾਲ ਹੀ ਮਿਲਦੀ ਹੈ।[23]

ਜਿਵੇਂ ਹੀ ਕੋਈ ਵਿਅਕਤੀ ਯਿਸੂ ਉੱਤੇ ਵਿਸ਼ਵਾਸ ਕਰਦਾ ਹੈ, ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਇਸ ਦਾ ਅਹਿਸਾਸ ਉਸ ਨੂੰ ਆਪਣੀਆਂ ਭਾਵਨਾਵਾਂ ਤੋਂ ਨਹੀਂ ਹੁੰਦਾ ਪਰ ਪਰਮੇਸ਼ਰ ਦੇ ਵਚਨ ਤੋਂ ਹੁੰਦਾ ਹੈ।

## ਖਾਲੀ ਹੱਥ ਆਓ

ਮੁਕਤੀ ਪ੍ਰਾਪਤ ਕਰਨ ਲਈ ਹਰੇਕ ਵਿਅਕਤੀ ਨੂੰ ਆਪਣੀ ਹਰੇਕ ਆਸ ਤਿਆਗਣੀ ਪਵੇਗੀ, ਨਾ ਕੇਵਲ ਆਪਣੇ ਆਪ ਨੂੰ ਬਚਾਉਣ ਦੀ ਆਸ ਸਗੋਂ ਆਪਣੀ ਮੁਕਤੀ ਲਈ ਕੀਤਾ ਜਾਣ ਵਾਲਾ ਹਰੇਕ ਜਤਨ ਵੀ। ਅਨੇਕਾਂ ਭਜਨਕਾਰਾਂ ਨੇ ਇਸ ਸੱਚਾਈ ਨੂੰ ਬੜੇ ਹੀ ਚੰਗੇ ਤਰੀਕੇ ਨਾਲ ਪੇਸ਼ ਕੀਤਾ ਹੈ। ਉਦਾਹਰਣ ਵੱਜੋਂ ਟੋਪਲੇਡੀ ਦੇ ਭਜਨ "ਯੁੱਗਾਂ ਤੋਂ ਸਥਿਰ ਚਟਾਨ" ਨੂੰ ਵੇਖਿਆ ਜਾ ਸਕਦਾ ਹੈ, ਇਸ ਭਜਨ ਦੇ ਬੋਲ ਇਸ ਤਰ੍ਹਾਂ ਹਨ:

ਮੇਰੇ ਹੱਥਾਂ ਦੀ ਮਿਹਨਤ ਵੀ
ਤੇਰੀ ਸ਼ਰਾ ਦੀ ਮੰਗਾਂ ਨੂੰ ਪੂਰਿਆਂ ਨਹੀਂ ਕਰ ਸਕਦੀ;

ਜੇਕਰ ਮੇਰਾ ਜਜ਼ਬਾ ਸਾਹ ਤਕ ਨਾ ਲੈਂਦਾ,
ਜੇਕਰ ਮੇਰੇ ਹੰਝੂ ਸਦਾ ਵਗਦੇ ਰਹਿੰਦੇ,
ਤਾਂ ਵੀ ਮੇਰੇ ਪਾਪਾਂ ਦਾ ਪ੍ਰਾਸਚਿਤ ਨਹੀਂ ਸੀ ਹੋ ਸਕਦਾ;
ਮੁਕਤੀ ਤੈਥੋਂ ਹੀ ਹੈ ਅਤੇ ਤੂੰ ਹੀ ਬਚਾਉਂਦਾ ਹੈਂ।

ਮੈਂ ਖਾਲੀ ਹੱਥ ਲੈ ਕੇ ਆਇਆ ਹਾਂ,
ਅਤੇ ਤੇਰੀ ਸਲੀਬ ਕੋਲ ਮੈਂ ਆਇਆ ਹਾਂ;
ਮੈਂ ਨਿਰਬਸਤਰ ਤੈਥੋਂ ਬਸਤਰ ਲੈਣ ਆਇਆ ਹਾਂ,
ਮੈਂ ਨਿਮਾਣਾ ਤੈਥੋਂ ਕਿਰਪਾ ਮੰਗਣ ਆਇਆ ਹਾਂ;
ਮੈਂ ਲਿਬੜਿਆ ਤੇਰੇ ਚਸ਼ਮੇ ਕੋਲ ਆਇਆ ਹਾਂ,
ਮੇਰੇ ਮੁਕਤੀਦਾਤਾ ਮੈਨੂੰ ਬਚਾ, ਨਹੀਂ ਤਾਂ ਮੈਂ ਮਰ ਜਾਵਾਂਗਾ।

ਜੇ. ਪ੍ਰੋਕਟਰ ਸਾਨੂੰ ਚੇਤੇ ਕਰਾਉਂਦੇ ਹਨ ਕਿ ਮਸੀਹ ਨੇ ਸਾਡੇ ਛੁਟਕਾਰੇ ਦਾ ਕੰਮ ਪੂਰਾ ਕਰ ਦਿੱਤਾ ਹੈ:

ਓ ਹੰਭਿਆ ਹੋਇਆ, ਮਿਹਨਤ ਕਰਦਿਆ, ਭਾਰ ਚੁੱਕਦਿਆ ਹੋਇਆ ਬੰਦਿਆ, ਕਿਉਂ ਮੁਸ਼ੱਕਤਾਂ ਕਰਦਾ ਹੈਂ?
ਇਹ ਸਭ ਛੱਡ ਦੇ, ਕੰਮ ਤਾਂ ਬਹੁਤ, ਬਹੁਤ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ।
ਜਦ ਤਕ ਤੂੰ ਯਿਸੂ ਦੇ ਇਸ ਕੰਮ ਉੱਤੇ ਵਿਸ਼ਵਾਸ ਨਹੀਂ ਕਰਦਾ,
ਉਦੋਂ ਤਕ ਤੇਰੇ "ਕੰਮ" ਘਾਤਕ ਹਨ — ਇਹ "ਕੰਮ" ਤੈਨੂੰ ਖਾ ਜਾਣਗੇ।
ਆਪਣਿਆਂ ਇਨ੍ਹਾਂ ਘਾਤਕ ਕੰਮਾਂ ਨੂੰ ਯਿਸੂ ਦੇ ਚਰਨਾਂ 'ਤੇ ਰੱਖ ਦੇ;
ਉਸ ਵਿਚ ਖੜ੍ਹਾ ਹੋ ਜਾ, ਕੇਵਲ ਉਸੇ ਵਿਚ, ਕਿਰਪਾ ਨਾਲ ਸਿੱਧ ਹੋ ਜਾ।
"ਸਭਕੁਝ ਪੂਰਾ ਹੋ ਚੁੱਕਾ ਹੈ!" ਹਾਂ ਸੱਚਮੁੱਚ, ਇਕ-ਇਕ ਬਿੰਦੂ ਤਕ ਪੂਰਾ ਹੋ ਚੁੱਕਾ ਹੈ;
ਓ ਪਾਪੀਆ, ਤੈਨੂੰ ਬਸ ਇਸੇ ਦੀ ਤਾਂ ਲੋੜ ਹੈ, ਦਸ ਭਲਾ ਹੈ ਕਿ ਨਹੀਂ?

# 4
# ਪਰਮੇਸ਼ਰ ਦੀ ਹੈਰਾਨੀਜਨਕ ਕਿਰਪਾ

ਅਦਭੁਤ ਕਿਰਪਾ! ਅਸੀਂ ਇਸ ਬਾਰੇ ਗਾਉਂਦੇ ਤਾਂ ਹਾਂ, ਪਰ ਕੀ ਅਸੀਂ ਜਾਣਦੇ ਹਾਂ ਕਿ ਇਸ ਦਾ ਅਰਥ ਕੀ ਹੈ?

ਸਭ ਤੋਂ ਪਹਿਲਾਂ, ਕਿਰਪਾ ਕੀ *ਹੈ?* ਅਸੀਂ ਇਹ ਆਖ ਕੇ ਸ਼ੁਰੂ ਕਰ ਸਕਦੇ ਹਾਂ ਕਿ ਇਹ ਸਾਡੇ ਉੱਤੇ ਹੋਣ ਵਾਲੀ ਪਰਮੇਸ਼ਰ ਦੀ ਮਿਹਰ ਹੈ। ਪਰ ਇਹ ਇਸ ਤੋਂ ਵੀ ਕਿਤੇ ਵਧ ਕੇ ਹੈ। ਇਹ ਅਜਿਹੀ ਮਿਹਰ ਹੈ *ਜਿਸ ਦੇ ਅਸੀਂ ਲਾਇਕ ਨਹੀਂ ਸਾਂ।* ਆਓ ਹੁਣ ਇਕ ਕਦਮ ਅਗਾਹਾਂ ਵਧੀਏ। ਉਸ ਦੀ ਇਹ ਮਿਹਰ, ਜਿਸ ਦੇ ਅਸੀਂ ਲਾਇਕ ਨਹੀਂ ਸਾਂ, ਉਨ੍ਹਾਂ ਲੋਕਾਂ ਲਈ ਹੈ ਜਿਹੜੇ ਮਿਹਰ ਦੀ ਥਾਂ ਸਜ਼ਾ ਦੇ ਲਾਇਕ ਸਨ! ਇਹ ਉਸ ਦੀ ਦਿਆਲਗੀ ਅਤੇ ਉਦਾਰਤਾ ਦਾ ਅਥਾਹ ਮਹਾਂਸਾਗਰ ਹੈ।

*ਕਿਰਪਾ* ਅਤੇ *ਤੋਹਫ਼ਾ* ਸ਼ਬਦਾਂ ਦਾ ਆਪਸ ਵਿਚ ਬੜਾ ਹੀ ਨੇੜਤਾ ਦਾ ਸਬੰਧ ਹੈ। ਕਿਰਪਾ ਇਕ ਤੋਹਫ਼ਾ ਹੈ ਇਸ ਲਈ ਨਾ ਤਾਂ ਇਸ ਨੂੰ ਕਮਾਇਆ ਜਾ ਸਕਦਾ ਹੈ ਅਤੇ ਨਾ ਹੀ ਇਸ ਦੇ ਲਾਇਕ ਬਣਿਆ ਜਾ ਸਕਦਾ ਹੈ। ਜਿਥੇ ਕਰਜ਼ ਜਾਂ ਕਾਬਲੀਅਤ ਦਾ ਵਿਚਾਰ ਆ ਜਾਂਦਾ ਹੈ, ਉਥੇ ਕਿਰਪਾ ਦੀ ਕੋਈ ਥਾਂ ਨਹੀਂ ਰਹਿ ਜਾਂਦੀ। ਪਰਮੇਸ਼ਰ ਦੀ ਕਿਰਪਾ ਦਾ ਤੋਹਫ਼ਾ ਇੰਨਾ ਵੱਡਾ ਹੈ ਕਿ ਇਸ ਦੀ ਮੁੜ ਅਦਾਇਗੀ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਇਹ ਅਕੱਥ ਅਤੇ ਸਾਡੀ ਸਮਝ ਤੋਂ ਪਰੇ ਹੈ।

ਸੱਚੀ ਖ਼ੁਸ਼ਖਬਰੀ ਕੇਵਲ ਇਹੋ ਹੈ ਕਿ ਮੁਕਤੀ ਕੇਵਲ ਵਿਸ਼ਵਾਸ ਦੁਆਰਾ ਕਿਰਪਾ ਰਾਹੀਂ ਮਿਲਦੀ ਹੈ।[24] ਕਿਰਪਾ ਦਾ ਅਰਥ ਹੈ ਕਿ ਤੁਸੀਂ

ਇਸ ਦੇ ਲਾਇਕ ਨਹੀਂ ਹੋ। ਵਿਸ਼ਵਾਸ ਦਾ ਅਰਥ ਇਹ ਹੈ ਕਿ ਤੁਸੀਂ ਇਸ ਨੂੰ ਆਪਣੀ ਸਵੈ-ਇੱਛਾ ਦੇ ਇਕ ਨਿਸ਼ਚਿਤ ਕਦਮ ਦੁਆਰਾ ਪ੍ਰਾਪਤ ਕਰਦੇ ਹੋ। ਜਦ ਤਕ ਕੋਈ ਕਿਰਪਾ ਨੂੰ ਨਹੀਂ ਸਮਝਦਾ ਉਦੋਂ ਤਕ ਉਹ ਖੁਸ਼ਖਬਰੀ ਨੂੰ ਵੀ ਸਮਝ ਨਹੀਂ ਸਕਦਾ ਹੈ।

ਪਰਮੇਸ਼ਰ ਦੀ ਕਿਰਪਾ ਅਦਭੁਤ ਹੈ। ਇਹ ਉਸ ਵੇਸਵਾ ਨੂੰ ਵੀ, ਜਿਸ ਨੇ ਤੌਬਾ ਕਰ ਲਈ ਹੈ, ਮਾਫ਼ ਕਰ ਸਕਦੀ ਹੈ ਅਤੇ ਸਾਫ਼ ਕਰ ਸਕਦੀ ਹੈ, ਉਸ ਨੂੰ ਇਕ ਨਵੀਂ ਇਸਤਰੀ ਬਣਾ ਸਕਦੀ ਹੈ, ਅਤੇ ਉਸ ਨੂੰ ਸਦਾਕਾਲ ਦੇ ਜਲਾਲ ਵਿਚ ਯਿਸੂ ਦਾ ਸਾਥੀ ਬਣਾ ਸਕਦੀ ਹੈ। ਇਹ ਮੌਤ ਦੇ ਕੰਢੇ 'ਤੇ ਪਏ ਇਕ ਚੋਰ ਨੂੰ ਵੀ ਉਸ ਦੀ ਜ਼ਿੰਦਗੀ ਦੀਆਂ ਅੰਤਮ ਘੜੀਆਂ ਵਿਚ ਬਚਾ ਸਕਦੀ ਹੈ, ਅਤੇ ਉਸੇ ਦਿਨ ਉਸ ਨੂੰ ਸਵਰਗ ਵਿਚ ਲਿਜਾ ਸਕਦੀ ਹੈ।

ਕਿਰਪਾ ਸਦਕਾ ਹੀ ਤੋਬਾ ਕੀਤੇ ਹੋਏ ਹੱਤਿਆਰਿਆਂ, ਹਵਸ ਦੇ ਪੁਜਾਰੀਆਂ, ਸ਼ਰਾਬੀਆਂ, ਚੋਰਾਂ ਅਤੇ ਝੂਠਿਆਂ ਨਾਲ ਸਵਰਗ ਦੀ ਅਬਾਦੀ ਵਧਦੀ ਜਾਂਦੀ ਹੈ। ਅਜਿਹਾ ਕੋਈ ਵੀ ਪਾਪੀ ਨਹੀਂ ਹੈ ਜਿਸ ਨੂੰ ਇਹ ਬਚਾ ਨਹੀਂ ਸਕਦੀ।

ਕਿਰਪਾ ਨੇ ਲੱਖਾਂ ਲੋਕਾਂ ਨੂੰ ਭਿਆਣਕ ਟੋਏ ਅਤੇ ਗੰਦੇ ਦਲਦਲ ਵਿਚੋਂ ਕੱਢ ਲਿਆਂਦਾ ਹੈ; ਉਨ੍ਹਾਂ ਨੂੰ ਮਜ਼ਬੂਤ ਚਟਾਨ ਉੱਤੇ ਖੜ੍ਹਾ ਕੀਤਾ ਹੈ, ਉਨ੍ਹਾਂ ਦੇ ਰਾਹ ਨੂੰ ਪੱਧਰਾ ਕੀਤਾ ਹੈ; ਉਨ੍ਹਾਂ ਦੇ ਦਿਲਾਂ ਵਿਚ ਪਰਮੇਸ਼ਰ ਦੀ ਵਡਿਆਈ ਦਾ ਇਕ ਗੀਤ ਪਾਇਆ ਹੈ; ਅਤੇ ਅਖੀਰ ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਸਵਰਗੀ ਪਿਤਾ ਦੇ ਮਹਿਲਾਂ ਵਿਚ ਲੈ ਗਈ ਹੈ।[25]

ਓਕਸਫ਼ੋਰਡ (ਅਤੇ ਕੈਮਬ੍ਰਿਜ) ਦੇ ਇਕ ਪ੍ਰੋਫ਼ੈਸਰ ਸੀ. ਐਸ. ਲੁਈਸ ਦੱਸਦੇ ਹਨ ਕਿ ਕਿਵੇਂ ਪ੍ਰਭੂ ਨੇ ਉਨ੍ਹਾਂ ਨੂੰ ਉਸ ਵੇਲੇ ਬਚਾਇਆ ਜਦੋਂ ਉਹ ਲੱਤਾਂ ਮਾਰ ਰਹੇ ਸਨ ਅਤੇ ਉਸ ਵੇਲੇ ਇੰਗਲੈਂਡ ਵਿਚ ਤੋਬਾ ਕਰ ਰਹੇ ਲੋਕਾਂ ਵਿਚੋਂ ਸਭ ਤੋਂ ਵਧ ਜ਼ਿੱਦੀ ਵਿਅਕਤੀ ਸੀ। ਫਿਰ ਉਹ ਆਖਦੇ ਹਨ, "ਉਸ ਕਿਰਪਾ ਨੂੰ ਕੌਣ ਵਾਜਬ ਸਤਿਕਾਰ ਦੇ ਸਕਦਾ ਹੈ ਜਿਹੜੀ ਅਜਿਹੇ ਉਜਾੜੂ ਪੁੱਤਰ ਲਈ ਸਵਰਗ ਦੇ ਸ਼ਾਹੀ ਫਾਟਕ ਖੋਲ੍ਹ ਦਿੰਦੀ ਹੈ ਜਿਹੜਾ ਅੰਦਰ ਲਿਆਏ ਜਾਂਦੇ ਹੋਏ ਲੱਤਾਂ ਮਾਰ ਰਿਹਾ ਹੈ, ਜੱਦੋਜਹਿਦ ਕਰ ਰਿਹਾ ਹੈ, ਰੋਸ ਦਾ ਪ੍ਰਗਟਾਵਾ ਕਰ ਰਿਹਾ ਹੈ ਅਤੇ ਉਥੋਂ ਬਚ ਨਿਕਲਣ ਦਾ ਹਰੇਕ ਮੌਕਾ ਭਾਲ ਰਿਹਾ ਹੈ?"[26]

ਭਜਨਕਾਰ ਹਾਲਡਰ ਲਿਲੇਨਸ ਨੇ ਪੂਰੀ ਸਟੀਕਤਾ ਨਾਲ ਲਿਖਿਆ ਕਿ ਯਿਸੂ ਦੀ ਕਿਰਪਾ "ਸਾਡੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਨਾਲੋਂ ਮੋਕਲੀ ਅਤੇ ਸਾਡੇ ਹਰ ਤਰ੍ਹਾਂ ਦੇ ਪਾਪ ਅਤੇ ਜਲਾਲਤ ਨਾਲੋਂ ਕਿਤੇ ਵੱਡੀ ਹੈ।"

ਹਰੇਕ ਸੱਚਾ ਵਿਸ਼ਵਾਸੀ ਅਕਸਰ ਇਹ ਆਖਣ ਲਈ ਮਜਬੂਰ ਹੋ ਜਾਂਦਾ ਹੈ, "ਮੈਂ ਨਹੀਂ ਜਾਣਦਾ ਕਿ ਪ੍ਰਭੂ ਨੇ ਮੇਰੇ ਉੱਤੇ ਕਿਰਪਾ ਕਰਨ ਦਾ ਫੈਸਲਾ ਕਿਉਂ ਲਿਆ। ਮੈਂ ਅਜਿਹੀ ਮਿਹਰ ਦੇ ਲਾਇਕ ਹੀ ਨਹੀਂ ਸਾਂ। ਉਸ ਨੇ ਮੇਰੇ ਲਈ ਜਿਹੜੀ ਕੀਮਤ ਅਦਾ ਕੀਤੀ ਹੈ ਉਹ ਬਹੁਤ ਵੱਡੀ ਹੈ।"

ਕਿਰਪਾ ਹਰ ਤਰ੍ਹਾਂ ਦੀ ਦਲੀਲ ਅਤੇ ਤਰਕ ਨਾਲੋਂ ਸ੍ਰੇਸ਼ਠ ਹੈ ਪਰ ਉਨ੍ਹਾਂ ਦੀ ਉਲੰਘਣਾ ਨਹੀਂ ਕਰਦੀ। ਦਲੀਲ ਕਦੇ ਨਹੀਂ ਆਖੇਗੀ ਕਿ ਚਰਵਾਹਾ ਆਪਣੀਆਂ ਭੇਡਾਂ ਲਈ ਆਪਣੀ ਜਾਨ ਦੇ ਦਵੇ, ਨਿਆਂਕਾਰ ਅਪਰਾਧੀਆਂ ਖਾਤਰ ਮਰ ਜਾਵੇ ਜਾਂ — ਸਭ ਤੋਂ ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਸਿਰਜਣਹਾਰ ਆਪਣੀਆਂ ਹੀ ਸਿਰਜੀਆਂ ਹੋਇਆਂ ਵਸਤਾਂ ਨੂੰ ਬਚਾਉਣ ਲਈ ਉਨ੍ਹਾਂ ਦੀ ਥਾਂ ਆਪ ਕੁਰਬਾਨ ਹੋ ਜਾਵੇ। ਤਰਕ ਇਸ ਗੱਲ 'ਤੇ ਜ਼ੋਰ ਦੇਵੇਗਾ ਕਿ ਪਾਪੀ ਆਪਣੇ ਪਾਪ ਦੇ ਕਾਰਨ ਆਪ ਮਰੇ, ਅਤੇ ਤੋੜੇ ਗਏ ਨਿਯਮ ਦੀ ਸਜ਼ਾ ਜ਼ਰੂਰ ਦਿੱਤੀ ਜਾਵੇ। ਕਿਰਪਾ ਅਜਿਹੇ ਕੰਮ ਕਰਦੀ ਹੈ ਜਿਹੜੇ ਸਾਡੀ ਸੋਚ ਤੋਂ ਪਰੇ ਹਨ।

ਕਿਸੇ ਨੇ ਕਿਰਪਾ ਦੇ ਅਜੂਬੇ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ: "ਕਿਰਪਾ ਅਜਿਹੇ ਲੋਕਾਂ ਨੂੰ ਨਹੀਂ ਭਾਲਦੀ ਜਿਨ੍ਹਾਂ ਨੂੰ ਪਰਵਾਨਗੀ ਦੇ ਸਕੇ, ਕਿਉਂਕਿ ਇਹ ਕਿਰਪਾ ਨਹੀਂ ਸਗੋਂ ਨਿਆਂ ਹੈ ਜਿਹੜਾ ਚੰਗਿਆਈ ਨੂੰ ਪਰਵਾਨਗੀ ਦਿੰਦਾ ਹੈ; ਪਰ ਕਿਰਪਾ ਅਪਰਾਧੀਆਂ, ਦੋਸ਼ੀਆਂ, ਬੇਵੱਸਾਂ ਅਤੇ ਲਚਾਰਾਂ ਨੂੰ ਭਾਲਦੀ ਹੈ ਕਿ ਉਨ੍ਹਾਂ ਨੂੰ ਬਚਾ ਸਕੇ, ਸ਼ੁੱਧ ਕਰ ਸਕੇ ਅਤੇ ਮਹਿਮਾ ਵਿਚ ਲਿਜਾ ਸਕੇ।"

## ਕਿਰਪਾ ਦਯਾ ਨਾਲੋਂ ਬਿਹਤਰ ਹੈ

ਜਦੋਂ ਕਿਸੇ ਦੋਸ਼ੀ ਅਪਰਾਧੀ ਦੀ ਸਜ਼ਾ ਘਟਾ ਦਿੱਤੀ ਜਾਂਦੀ ਹੈ ਤਾਂ ਅਸੀਂ ਆਖਦੇ ਹਾਂ ਕਿ ਨਿਆਂਕਾਰ ਨੇ ਉਸ ਉੱਤੇ ਦਯਾ ਕੀਤੀ ਹੈ। ਮੌਤ ਦੀ ਸਜ਼ਾ ਦੀ ਥਾਂ ਕੈਦ ਦੇ ਦਿੱਤੇ ਜਾਣ ਨੂੰ ਵੀ ਦਯਾ ਦਾ ਹੀ ਇਕ ਕੰਮ ਆਖਿਆ ਜਾ

ਸਕਦਾ ਹੈ। ਦੋਸ਼ੀ ਨੂੰ ਉਹ ਵੱਟਾ ਨਹੀਂ ਮਿਲਦਾ ਜਿਹੜਾ ਉਸ ਨੂੰ ਮਿਲਣਾ ਚਾਹੀਦਾ ਸੀ।

ਕਿਰਪਾ ਦਯਾ ਨਾਲੋਂ ਬਿਹਤਰ ਹੈ। ਇਹ ਅਪਰਾਧੀ ਪਾਪੀ ਨੂੰ ਉਸ ਦੇ ਪਾਪ ਤੋਂ ਬਾਇੱਜ਼ਤ ਬਰੀ ਕਰ ਦਿੰਦੀ ਹੈ। ਉਸ ਦੇ ਲੇਖੇ ਧਾਰਮਿਕਤਾ ਲਿਖ ਦਿੰਦੀ ਹੈ। ਇਹ ਨਿਆਂ ਦੀ ਦੋਸ਼ ਲਗਾਉਣ ਵਾਲੀ ਅਵਾਜ਼ ਨੂੰ ਸ਼ਾਂਤ ਕਰ ਦਿੰਦੀ ਹੈ...

## ਕਿਰਪਾ ਇਨਸਾਫ਼ ਨਾਲੋਂ ਬਿਹਤਰ ਹੈ

ਕਿਰਪਾ ਅਤੇ ਇਨਸਾਫ਼ ਇਕ ਦੂਜੇ ਦੇ ਬਿਲਕੁਲ ਉਲਟ ਹਨ। ਜਦੋਂ ਕੋਈ ਵਿਅਕਤੀ ਇਨਸਾਫ਼ ਮੰਗਦਾ ਹੈ ਤਾਂ ਆਖਦਾ ਹੈ, "ਮੈਂ ਇਕ ਭਲਾ ਵਿਅਕਤੀ ਹਾਂ ਅਤੇ ਮੈਨੂੰ ਉਹ ਮਿਲਣਾ ਚਾਹੀਦਾ ਹੈ ਜਿਸਦਾ ਮੈਂ ਹੱਕਦਾਰ ਹਾਂ।" ਉਹ ਤਾਂ ਕੇਵਲ ਨਰਕ ਦਾ ਹੱਕਦਾਰ ਹੈ। ਇਸ ਲਈ ਕਦੇ ਵੀ ਪਰਮੇਸ਼ਰ ਤੋਂ ਇਨਸਾਫ਼ ਨਾ ਮੰਗੋ!

ਕਿਰਪਾ ਆਖਦੀ ਹੈ, "ਮੈਂ ਦੋਸ਼ੀ ਹਾਂ, ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਮੇਰੇ ਪਾਪਾਂ ਦਾ ਹਰਜਾਨਾ ਭਰਨ ਲਈ ਮਸੀਹ ਨੇ ਆਪਣੀ ਜਾਨ ਦੇ ਦਿੱਤੀ, ਅਤੇ ਮੈਂ ਉਹ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਕਬੂਲ ਕਰ ਲਿਆ ਹੈ। ਮੈਂ ਜਾਣਦਾ ਹਾਂ ਕਿ ਮੈਂ ਸਦੀਪਕ ਜੀਵਨ ਦਾ ਹੱਕਦਾਰ ਨਹੀਂ ਹਾਂ ਪਰ ਮੈਂ ਇਸ ਨੂੰ ਪਰਮੇਸ਼ਰ ਕੋਲੋਂ ਇਕ ਤੋਹਫ਼ੇ ਵੱਜੋਂ ਪ੍ਰਾਪਤ ਕੀਤਾ ਹੈ।"

ਯਿਸੂ ਨੇ ਇਕ ਦ੍ਰਿਸ਼ਟਾਂਤ ਦਿੱਤਾ ਜਿਹੜਾ ਇਨਸਾਫ਼ ਅਤੇ ਕਿਰਪਾ ਵਿਚਲੇ ਅੰਤਰ ਨੂੰ ਦਰਸ਼ਾਉਂਦਾ ਹੈ।[27] ਇਕ ਕਿਸਾਨ ਸੀ ਜਿਸ ਨੂੰ ਆਪਣੇ ਅੰਗੂਰਾਂ ਦੇ ਬਾਗ਼ ਲਈ ਕਾਮਿਆਂ ਦੀ ਲੋੜ ਸੀ। ਸਵੇਰੇ-ਸਵੇਰੇ ਕੁਝ ਕਾਮਿਆਂ ਨੇ ਉਸ ਦੇ ਬਾਗ਼ ਵਿਚ ਚਾਂਦੀ ਦੇ ਇਕ ਦੀਨਾਰ ਦੇ ਬਦਲੇ ਸਾਰਾ ਦਿਨ ਕੰਮ ਕਰਨ ਲਈ ਹਾਮੀ ਭਰੀ। ਉਨ੍ਹਾਂ ਨੇ ਉਸ ਰਕਮ ਲਈ ਉਸ ਦੇ ਨਾਲ ਕੰਮ ਕਰਨ ਦਾ ਸੌਦਾ ਪੱਕਾ ਕਰ ਲਿਆ।

ਦਿਨ ਵੇਲੇ ਹੋਰ ਕਾਮੇ ਵੀ ਉਸ ਦੇ ਲਈ ਕੰਮ ਕਰਨ ਲਈ ਤਿਆਰ ਹੋ ਗਏ ਅਤੇ ਕਹਿਣ ਲੱਗੇ ਕਿ ਜੋ ਵੀ ਮਜਦੂਰੀ ਉਹ ਉਨ੍ਹਾਂ ਨੂੰ ਦੇਵੇਗਾ ਉਨ੍ਹਾਂ ਨੂੰ ਮੰਜ਼ੂਰ ਹੋਵੇਗੀ।

ਸ਼ਾਮ ਵੇਲੇ ਪਹਿਲਾਂ ਆਏ ਕਾਮਿਆਂ ਨੂੰ ਇਕ-ਇਕ ਦੀਨਾਰ ਮਿਲ ਗਿਆ। ਬਾਦ ਵਿਚ ਆਏ ਕਾਮਿਆਂ ਨੂੰ ਵੀ ਉਹੀ ਰਕਮ ਮਿਲੀ — ਪਰ ਉਨ੍ਹਾਂ ਦੇ ਹਿਸਾਬ ਨਾਲ ਉਨ੍ਹਾਂ ਨੂੰ ਵਧੇਰੇ ਮਜਦੂਰੀ ਮਿਲ ਗਈ। ਪਹਿਲਾਂ ਆਤੇ ਕਾਮਿਆਂ ਨੂੰ ਇਨਸਾਫ਼ ਮਿਲਿਆ, ਪਰ ਬਾਦ ਵਿਚ ਆਏ ਕਾਮਿਆਂ ਨੂੰ ਕਿਰਪਾ ਮਿਲੀ। ਕਿਰਪਾ ਇਨਸਾਫ਼ ਨਾਲੋਂ ਬਿਹਤਰ ਹੈ।

## ਕਿਰਪਾ ਸ਼ਰਾ ਨਾਲੋਂ ਬਿਹਤਰ ਸਿਧਾਂਤ ਹੈ

ਸ਼ਰਾ ਲੋਕਾਂ ਨੂੰ ਦੱਸਦੀ ਹੈ ਕਿ ਧਰਮੀ ਅਖਵਾਏ ਜਾਣ ਲਈ ਉਨ੍ਹਾਂ ਨੂੰ ਕੀ-ਕੀ ਕਰਨਾ ਪਵੇਗਾ। ਕਿਰਪਾ ਉਨ੍ਹਾਂ ਨੂੰ ਪਰਮੇਸ਼ਰ ਸਾਹਮਣੇ ਧਰਮੀ ਘੋਸ਼ਿਤ ਕਰਦੀ ਹੈ, ਅਤੇ ਫਿਰ ਆਖਦੀ ਹੈ ਕਿ ਹੁਣ ਇਸ ਦੇ ਯੋਗ ਚਾਲ ਚਲੋ।

ਸ਼ਰਾ ਆਖਦੀ ਹੈ, "ਆਹ ਕਰੋ, ਉਹ ਕਰੋ ਅਤੇ ਤੁਸੀਂ ਜੀਵੋਗੇ।" ਕਿਰਪਾ ਆਖਦੀ ਹੈ, "ਜੀਵੋ, ਤਾਂ ਜੋ ਤੁਸੀਂ ਆਹ ਕਰੋ ਅਤੇ ਉਹ ਕਰੋ।"

ਸ਼ਰਾ ਆਖਦੀ ਹੈ, "ਜਤਨ ਕਰੋ ਅਤੇ ਆਗਿਆਕਾਰੀ ਕਰੋ।" ਕਿਰਪਾ ਦੇ ਸ਼ਬਦ ਅਜਿਹੇ ਹੁੰਦੇ ਹਨ, "ਭਰੋਸਾ ਰੱਖੋ ਅਤੇ ਆਗਿਆਕਾਰੀ ਰਹੋ।"

ਸ਼ਰਾ ਤੁਹਾਨੂੰ ਇਹ ਤਾਂ ਦੱਸਦੀ ਹੈ ਕਿ ਤੁਸੀਂ ਕੀ ਕਰਨਾ ਹੈ, ਪਰ ਉਸ ਨੂੰ ਕਰਨ ਦੀ ਸਮਰੱਥਾ ਨਹੀਂ ਦਿੰਦੀ, ਸਗੋਂ ਉਸ ਨੂੰ ਨਾ ਕਰਨ 'ਤੇ ਸਰਾਪ ਜ਼ਰੂਰ ਦਿੰਦੀ ਹੈ। ਕਿਰਪਾ ਤੁਹਾਨੂੰ ਸਿਖਾਉਂਦੀ ਹੈ ਕਿ ਤੁਸੀ ਕੀ ਕਰਨਾ ਹੈ, ਅਤੇ ਉਸ ਨੂੰ ਕਰਨ ਦੀ ਸਮਰੱਥਾ ਵੀ ਦਿੰਦੀ ਹੈ, ਅਤੇ ਜਦੋਂ ਤੁਸੀਂ ਉਸ ਨੂੰ ਕਰਦੇ ਹੋ ਤਾਂ ਤੁਹਾਨੂੰ ਉਸ ਦਾ ਪ੍ਰਤੀਫਲ ਵੀ ਦਿੰਦੀ ਹੈ। ਸੋ ਇਸ ਤਰ੍ਹਾਂ ਸ਼ਰਾ ਦੇ ਨਾਲ-ਨਾਲ ਸਜ਼ਾ ਦਾ ਡਰ ਚਲਦਾ ਹੈ, ਜਦਕਿ ਕਿਰਪਾ ਦੇ ਨਾਲ-ਨਾਲ ਪ੍ਰਤੀਫਲ ਦਾ ਵਾਇਦਾ ਚਲਦਾ ਹੈ।

ਸ਼ਰਾ ਤਾਂ ਸਭ ਤੋਂ ਉੱਤਮ ਲੋਕਾਂ ਨੂੰ ਵੀ ਦੋਸ਼ੀ ਠਹਿਰਾਉਂਦੀ ਹੈ, ਕਿਉਂਕਿ ਸਭ ਤੋਂ ਉੱਤਮ ਲੋਕ ਵੀ ਦਸ ਹੁਕਮਾਂ ਦੀ ਪਾਲਣਾ ਕਰਨ ਵਿਚ ਅਸਫਲ ਹੋ ਜਾਂਦੇ ਹਨ। ਕਿਰਪਾ ਸਭ ਤੋਂ ਬਦਤਰ ਲੋਕਾਂ ਨੂੰ ਵੀ ਧਰਮੀ ਠਹਿਰਾਉਂਦੀ ਹੈ।

ਸ਼ਰਾ ਪਾਪ ਨੂੰ ਪਰਗਟ ਕਰਦੀ ਹੈ। ਕਿਰਪਾ ਪਾਪ ਨੂੰ ਮਿਟਾਉਂਦੀ ਹੈ।

ਸ਼ਰਾ ਘਮੰਡ ਨੂੰ ਹੱਲਾਸ਼ੇਰੀ ਦਿੰਦੀ ਹੈ। ਕਿਰਪਾ ਘਮੰਡ ਨੂੰ ਮੁਕਾਉਂਦੀ ਹੈ।

ਸ਼ਰਾ ਆਖਦੀ ਹੈ, "ਤੁਹਾਨੂੰ ਆਹ ਕਰਨਾ ਪਵੇਗਾ...ਤੁਸੀਂ ਉਹ ਕਰੋਗੇ...ਤੁਸੀਂ ਇਹ ਨਾ ਕਰਿਓ।" ਕਿਰਪਾ ਆਖਦੀ ਹੈ, "ਤੁਹਾਨੂੰ ਆਹ ਕਰਨਾ ਚਾਹੀਦਾ ਹੈ...ਇਹ ਕਰਨਾ ਤੁਹਾਡੀ ਜ਼ਿੰਮੇਦਾਰੀ ਹੈ।"[28] ਸ਼ਰਾ ਦੱਸਦੀ ਹੈ ਕਿ ਮੈਨੂੰ ਕੀ ਕਰਨਾ ਪਵੇਗਾ; ਕਿਰਪਾ ਦੱਸਦੀ ਹੈ ਕਿ ਮੇਰਾ ਨਵਾਂ ਸੁਭਾਅ ਕੀ ਕਰਨਾ ਚਾਹੁੰਦਾ ਹੈ।

ਸ਼ਰਾ ਦੇ ਅਧੀਨ ਕੰਮ ਕਦੇ ਨਹੀਂ ਮੁੱਕਦਾ। ਕਿਰਪਾ ਉਸ ਵਿਅਕਤੀ ਬਾਰੇ ਦੱਸਦੀ ਹੈ ਜਿਸ ਨੇ ਕੰਮ ਪੂਰਾ ਕਰ ਦਿੱਤਾ ਹੈ।

ਸ਼ਰਾ ਮੰਗ ਕਰਦੀ ਹੈ, "ਤੁਸੀਂ ਪ੍ਰੇਮ ਕਰਿਓ..." ਕਿਰਪਾ ਘੋਸ਼ਣਾ ਕਰਦੀ ਹੈ, "ਪਰਮੇਸ਼ਰ ਦੇ ਅਜਿਹਾ ਪ੍ਰੇਮ ਕੀਤਾ..."

ਸ਼ਰਾ ਲੋਕਾਂ ਉੱਤੇ ਇਕ ਵਜ਼ਨਦਾਰ ਭਾਰ ਲੱਦ ਦਿੰਦੀ ਹੈ। ਕਿਰਪਾ ਦੇ ਭਾਰ ਹੌਲੇ ਹਨ। ਸ਼ਰਾ ਬੰਧਨ ਦੀ ਵਿਵਸਥਾ ਹੈ, ਜਦਕਿ ਕਿਰਪਾ ਛੁਟਕਾਰੇ ਦਾ ਪ੍ਰਬੰਧ ਹੈ। ਸ਼ਰਾ ਵਿਚ ਦਬਾਅ ਹੈ ਅਤੇ ਕਿਰਪਾ ਵਿਚ ਸਨਮਾਨ।

ਸ਼ਰਾ ਵਿਚ ਦਯਾ ਦੀ ਕੋਈ ਥਾਂ ਨਹੀਂ ਹੈ। ਇਹ ਕਠੋਰ, ਨਿਰਦਯੀ ਅਤੇ ਸਖ਼ਤ ਹੈ। ਕਿਰਪਾ ਉਸ ਪਰਮੇਸ਼ਰ ਬਾਰੇ ਦੱਸਦੀ ਹੈ ਜਿਹੜਾ ਦਯਾ ਦਾ ਧਨੀ ਹੈ।

# 5

# ਕਿਰਪਾ ਦੀ ਸ਼ਲਾਘਾ ਕਿਵੇਂ ਕਰੀਏ

ਕੋਈ ਵੀ ਵਿਅਕਤੀ ਉਦੋਂ ਤਕ ਕਿਰਪਾ ਦੀ ਸ਼ਲਾਘਾ ਨਹੀਂ ਕਰ ਸਕੇਗਾ ਜਦੋਂ ਤਕ ਉਹ ਇਨ੍ਹਾਂ ਚਾਰ ਤੱਥਾਂ ਨੂੰ ਨਾ ਸਿਆਣ ਜਾਵੇ: ਯਿਸੂ ਕੌਣ ਹੈ; ਉਸ ਨੇ ਕੀ ਕੀਤਾ; ਉਸ ਨੇ ਇਹ ਕਿਸ ਦੇ ਲਈ ਕੀਤਾ; ਅਤੇ ਪ੍ਰਾਪਤਕਰਤਾ ਲਈ ਇਸ ਦੇ ਕੀ ਮਾਅਨੇ ਹਨ।

## ਯਿਸੂ ਕੌਣ ਹੈ

ਉਹ ਸਾਡੇ ਵਰਗਾ ਇਕ ਆਮ ਇਨਸਾਨ ਨਹੀਂ ਹੈ, ਸਗੋਂ ਉਹ ਤਾਂ...

ਜੋਰਾਵਰ ਪਰਮੇਸ਼ਰ ਹੈ ਜਿਸ ਨੇ ਇਸ ਕਾਇਨਾਤ ਨੂੰ ਅਣਗਿਣਤ ਅਜੂਬਿਆਂ ਨਾਲ ਸ਼ਿੰਗਾਰਿਆ ਹੈ।

ਸਿਰਜਣਹਾਰ ਪਰਮੇਸ਼ਰ ਹੈ ਜਿਸ ਨੇ ਸਾਡੇ ਸਰੀਰ ਦੇ ਹਜਾਰਾਂ ਹਿੱਸਿਆਂ ਨੂੰ ਸਿਰਜਿਆ ਹੈ ਅਤੇ ਸਾਡੇ ਦਿਮਾਗ ਵਿਚ ਬੁੱਧੀ ਪਾਈ ਹੈ। ਸਾਰੀਆਂ ਵਸਤਾਂ ਦਾ ਬਾਨੀ ਉਹੀ ਹੈ ਅਤੇ ਸਾਰੀਆਂ ਵਸਤਾਂ ਦਾ ਵਜੂਦ ਉਸੇ ਦੇ ਸਦਕਾ ਹੈ।

ਮਹਾਰਾਜਾ ਹੈ ਜੋ ਸਾਰੀ ਸ਼ਕਤੀ ਅਤੇ ਸਾਰੇ ਗਿਆਨ ਦਾ ਮਾਲਕ ਹੈ ਅਤੇ ਹਰ ਵੇਲੇ ਹਰ ਥਾਂ 'ਤੇ ਮੌਜੂਦ ਹੈ।

ਪਰਮ ਪਵਿੱਤਰ ਹੈ ਜਿਸ ਦੇ ਵਿਚ ਪਾਪ ਦਾ ਨਿਸ਼ਾਨ ਤਕ ਨਹੀਂ ਹੈ।

ਪਰਤਾਪ, ਜਲਾਲ, ਪ੍ਰਤਿਸ਼ਠਾ, ਅਤੇ ਸਦੀਪਕਤਾ ਦੀ ਹਰੇਕ ਵਡਮੁੱਲਤਾ ਵਿਚ ਧਨੀ ਹੈ। ਉਸ ਦੀ ਹਜ਼ੂਰੀ ਵਿਚ ਤਾਂ ਸਵਰਗਦੂਤ ਵੀ

ਆਪਣਾ ਚਿਹਰਾ ਲੁਕਾ ਲੈਂਦੇ ਹਨ। ਧਰਤੀ ਦਾ ਸਾਰਾ ਜਲ ਉਸ ਦੀ ਚੂਲੀ ਵਿਚ ਸਮਾ ਜਾਂਦਾ ਹੈ, ਧਰਤੀ ਨੂੰ ਉਹ ਆਪਣੀ ਗਿੱਠ ਨਾਲ ਮਿਣ ਲੈਂਦਾ ਹੈ ਅਤੇ ਧਰਤੀ ਦੀ ਸਾਰੀ ਮਿੱਟੀ ਨੂੰ ਉਹ ਪੈਮਾਨੇ ਵਿਚ ਮਾਪ ਲੈਂਦਾ ਹੈ। ਉਹ ਪਹਾੜਾਂ ਨੂੰ ਤਰਾਜ਼ੂ ਵਿਚ ਅਤੇ ਪਹਾੜੀਆਂ ਨੂੰ ਤੱਕੜੀ ਵਿਚ ਤੋਲਦਾ ਹੈ।[29]

ਅਸੀਂ ਤਾਂ ਇਸ ਲਾਇਕ ਵੀ ਨਹੀਂ ਹਾਂ ਕਿ ਅਜਿਹਾ ਪਰਮੇਸ਼ਰ ਸਾਡੇ ਵਿਚ ਕੋਈ ਦਿਲਚਸਪੀ ਤਕ ਲਵੇ।

## ਉਸ ਨੇ ਕੀ ਕੀਤਾ

ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਅਸੀਂ ਕਦੋਂ-ਕਦੋਂ ਕੀ-ਕੀ ਕਰਾਂਗੇ ਅਤੇ ਹੋਵਾਂਗੇ, ਫਿਰ ਵੀ ਉਸ ਨੇ ਸਾਨੂੰ ਬਿਨਾਂ ਕਿਸੇ ਸ਼ਰਤ ਦੇ ਪ੍ਰੇਮ ਕੀਤਾ।

ਉਹ ਸਵਰਗ ਦੀ ਸਾਰੀ ਜਲਾਲੀ ਸੋਭਾ ਛੱਡ ਆਇਆ, ਜਿਥੇ ਅਣਗਿਣਤ ਸਵਰਗਦੂਤ ਉਸ ਦੀ ਉਪਾਸਨਾ ਕਰਦੇ ਸਨ ਅਤੇ ਡੰਗਰਾਂ ਦੇ ਇਕ ਬਦਬੂਦਾਰ ਵਾੜੇ ਵਿਚ ਜਨਮ ਲਿਆ। "ਵੇਖੋ, ਤਾਰਿਆਂ ਭਰੇ ਅੰਬਰ ਦੇ ਸਿਰਜਣਹਾਰ ਨੇ ਖੁਰਲੀ ਵਿਚ ਜਨਮ ਲਿਆ ਹੈ।"

ਮਨੁੱਖਜਾਤੀ ਦੀ ਗੰਦਗੀ ਅਤੇ ਚਿੱਕੜ ਵਿਚ ਆਣ ਤੋਂ ਬਾਦ ਉਸ ਨੇ ਆਪਣਿਆਂ ਹੀ ਸਿਰਜਿਆ ਹੋਇਆਂ ਪ੍ਰਾਣੀਆਂ ਦੀ ਹਰ ਤਰ੍ਹਾਂ ਦੀ ਬਦਸਲੂਕੀ ਨੂੰ ਸਹਿ ਲਿਆ। ਕਲਪਨਾ ਕਰ ਕੇ ਵੇਖੋ ਕਿ ਪਰਮੇਸ਼ਰ ਦੇ ਪੁੱਤਰ ਨੇ ਮਨੁੱਖਾਂ ਨੂੰ ਇਹ ਇਜਾਜ਼ਤ ਦੇ ਦਿੱਤੀ ਕਿ ਉਹ ਉਸ ਦੇ ਚਿਹਰੇ ਉੱਤੇ ਆਪਣਾ ਗੰਦਾ ਥੁੱਕ ਸੁੱਟਣ। ਜ਼ਰਾ ਸੋਚੋ ਕਿ ਕਿਵੇਂ ਸ਼ਰਾਬੀ ਉਸ ਉੱਤੇ ਸਿੱਠਾਂ ਜੋੜ ਰਹੇ ਸਨ।

ਉਸ ਨੇ ਅਜਿਹੇ ਤਸੀਹੇ ਸਹੇ ਜਿਹੜੇ ਅੱਜ ਤਕ ਕਿਸੇ ਨੇ ਨਹੀਂ ਸਹੇ ਹਨ। ਉਸ ਨੂੰ ਮਾਰਿਆ-ਕੁੱਟਿਆ ਗਿਆ, ਉਹ ਫੱਟੜ ਹੋਇਆ ਅਤੇ ਉਸ ਨੂੰ ਵਿੰਨ੍ਹਿਆ ਗਿਆ। ਉਸ ਨੂੰ ਇੰਨਾ ਕੁੱਟਿਆ ਗਿਆ ਸੀ ਕਿ ਉਸ ਦੀ ਪਿੱਠ ਵਾਹੇ ਹੋਏ ਖੇਤ ਵਰਗੀ ਹੋ ਗਈ ਸੀ ਅਤੇ ਉਸ ਦਾ ਚਿਹਰਾ ਸਿਆਣਿਆ ਨਹੀਂ ਜਾ ਸਕਦਾ ਸੀ। ਉਸ ਦੇ ਅੱਤਿਆਚਾਰੀਆਂ ਨੇ ਉਸ ਦੀ ਦਾੜ੍ਹੀ ਪੁੱਟੀ। ਉਸ ਦੀਆਂ ਹੱਡੀਆਂ ਝਟਕਿਆਂ ਨਾਲ ਜੋੜਾਂ ਵਿਚੋਂ ਕੱਢ ਦਿੱਤੀਆਂ ਗਈਆਂ ਸਨ। ਉਸ ਦੀ ਹਾਲਤ ਨੂੰ ਬਿਆਨ ਕਰਦਿਆਂ ਗ੍ਰਾਹਮ ਕੈਨਡ੍ਰਿਕ ਨੇ

ਲਿਖਿਆ, "ਜਿਨ੍ਹਾਂ ਹੱਥਾਂ ਨੇ ਬ੍ਰਹਿਮੰਡ ਵਿਚ ਤਾਰੇ ਲਾਏ ਸਨ ਉਨ੍ਹਾਂ ਹੱਥਾਂ ਵਿਚ ਹੁਣ ਬੇਰਹਿਮ ਮੇਖਾਂ ਠੋਕੀਆਂ ਜਾ ਰਹੀਆਂ ਸਨ।"

ਇਹ ਸਾਰੀਆਂ ਗੱਲਾਂ ਪਰਮੇਸ਼ਰ ਦੇ ਪੁੱਤਰ ਲਈ ਉਸ ਸੰਤਾਪ ਦੀ ਤੁਲਨਾ ਵਿਚ ਕੁਝ ਵੀ ਨਹੀਂ ਸਨ ਕਿ ਉਸ ਦਾ ਪਿਤਾ ਉਸ ਨੂੰ ਤਿਆਗਣ ਜਾ ਰਿਹਾ ਸੀ। ਜਦੋਂ ਉਸ ਨੇ ਪ੍ਰਾਰਥਨਾ ਕੀਤੀ, ਤਾਂ ਅਜਿਹਾ ਲੱਗ ਰਿਹਾ ਸੀ ਕਿ ਜਿਵੇਂ ਸਵਰਗ ਬੇਜਾਨ ਹੋ ਗਏ ਸਨ। ਜੇਕਰ ਵੇਖਿਆ ਜਾਵੇ ਤਾਂ ਅਸੀਂ ਕਦੇ ਵੀ ਨਹੀਂ ਸਮਝ ਸਕਾਂਗੇ ਕਿ ਕਿਵੇਂ ਪਰਮੇਸ਼ਰ ਨੇ ਸਾਡਿਆਂ ਪਾਪਾਂ ਦਾ ਕਰਜ਼ਾ ਆਪਣੇ ਪਿਆਰੇ ਪੁੱਤਰ ਉੱਤੇ ਲੱਦ ਦਿੱਤਾ ਅਤੇ ਆਪਣੇ ਕਰੋਪ ਦੀ ਪ੍ਰਚੰਡ ਵਾਛੜਾਂ ਉਦੋਂ ਤਕ ਉਸ ਉੱਤੇ ਪਾਉਂਦਾ ਰਿਹਾ ਜਦੋਂ ਤਕ ਕਿ ਯਿਸੂ ਨੇ ਪੂਰਾ ਕਰਜ਼ਾ ਨਾ ਲਾਹ ਦਿੱਤਾ।

ਉਹ ਸਾਡੇ ਵਟਾਂਦਰੇ ਵੱਜੋਂ ਮਰਿਆ, ਅਤੇ ਉਨ੍ਹਾਂ ਪਾਪਾਂ ਦਾ ਹਰਜਾਨਾ ਭਰਿਆ ਜਿਹੜੇ ਹੋਰਨਾਂ ਲੋਕਾਂ ਨੇ ਕੀਤੇ ਸਨ, ਪਰ ਉਸ ਨੇ ਉਸ ਦੇ ਬਦਲੇ ਕਿਸੇ ਤੋਂ ਕੋਈ ਉਮੀਦ ਨਾ ਰੱਖੀ। ਉਸ ਖਰ੍ਹਵੀ ਸਲੀਬ ਉੱਤੇ "ਇਸ ਪਾਪੀ ਸੰਸਾਰ ਲਈ *ਸਭ ਤੋਂ ਪਿਆਰਾ* ਅਤੇ *ਸਭ ਤੋਂ ਉੱਤਮ* ਵਿਅਕਤੀ ਕੁਰਬਾਨ ਹੋ ਗਿਆ।"

ਕਰਾਮਾਤਾਂ ਦੀ ਕਰਾਮਾਤ! ਮਹਾਨ ਅਚੰਭਾ!
ਕੀ ਇਸ ਤੋਂ ਵੱਡੀ ਕਰਾਮਾਤ ਵੀ ਕੋਈ ਹੋ ਸਕਦੀ ਹੈ,
ਕਿ ਜਿਸ ਨੇ ਤਾਰਿਆਂ ਭਰਿਆ ਆਸਮਾਨ ਬਣਾਇਆ ਹੈ
ਉਸ ਨੇ ਆਪਣਾ ਲਹੂ ਵਹਾਇਆ ਅਤੇ ਮੇਰੀ ਖਾਤਰ ਮਰ ਗਿਆ।
ਅਦਭੁਤ ਅਤੇ ਹੈਰਾਨੀਜਨਕ ਕੁਰਬਾਨੀ,
ਸਾਡਿਆਂ ਵਿਚਾਰਾਂ ਨੂੰ ਹੈਰਾਨ-ਪਰੇਸ਼ਾਨ ਕਰਦਾ ਹੋਇਆ!
ਇਕ ਅਜ਼ੀਮ, ਅੱਤ ਵਡਮੁੱਲੀ ਕੀਮਤ
ਸਾਡੇ ਛੁਟਕਾਰੇ ਲਈ ਅਦਾ ਕੀਤੀ ਗਈ ਹੈ!

- ਲੇਖਕ ਅਗਿਆਤ

ਜੇ. ਓ. ਸੈਂਡਰਸ ਲਿਖਦੇ ਹਨ, "ਸਭ ਤੋਂ ਸਮਝਦਾਰ ਵਿਦਵਾਨਾਂ ਨੇ ਮਸੀਹ ਦੀ ਸਲੀਬੀ ਮੌਤ ਦੇ ਅੰਦਰੂਨੀ ਅਰਥ ਨੂੰ ਭਾਲਣ ਲਈ ਗੂੜ੍ਹੀ ਖੋਜਬੀਨ ਕੀਤੀ ਹੈ, ਪਰ ਇਸ ਦੀ ਡੂੰਘਿਆਈਆਂ ਵਿਚ ਕੋਈ ਵੀ ਨਹੀਂ ਉੱਤਰ ਸਕਿਆ ਹੈ। ਪੌਲੁਸ ਦੀ ਤਰ੍ਹਾਂ ਉਹ ਵੀ ਇਹ ਆਖਦੇ ਹੋਏ ਪਿਛਾਂਹ

ਹੱਟ ਗਏ ਹਨ: 'ਵਾਹ, ਪਰਮੇਸ਼ਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਉਂ ਕੇਡੇ ਅਣ-ਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!' (ਰੋਮੀਆਂ 11:33)।"

ਹੈਰਲਡ ਜੌਨ ਨੇ ਕਿਹਾ ਕਿ ਪਰਮੇਸ਼ਰ ਦੀ ਕਿਰਪਾ, ਜਿਵੇਂ ਮਸੀਹ ਦੀ ਸਲੀਬ ਉੱਤੇ ਦਿਖਾਈ ਦਿੱਤੀ, ਸਾਡੇ ਲਈ ਉਦੋਂ ਤਕ ਮਾਅਨੇ ਨਹੀਂ ਰੱਖੇਗੀ ਜਦੋਂ ਤਕ ਇਹ ਸਾਨੂੰ ਹੱਕਾ-ਬੱਕਾ ਨਾ ਕਰ ਦਵੇ ਅਤੇ ਸਾਡੇ ਜੀਵਨ ਵਿਚ ਸਭ ਤੋਂ ਮਹੱਤਵਪੂਰਣ ਨਾ ਬਣ ਜਾਵੇ।

ਸਪਰਜਨ ਸਾਨੂੰ ਸੱਦਾ ਦਿੰਦੇ ਹਨ ਕਿ ਅਸੀਂ ਇਸ ਦੇ ਕੌਤਕ ਨੂੰ ਵੇਖੀਏ। "ਯਿਸੂ ਨੇ ਸਾਡੇ ਬਦਲੇ ਮੌਤ ਦੀ ਸਜ਼ਾ ਸਹਿ ਲਈ ਹੈ...ਇਸੇ ਲਈ ਉਹ ਸਲੀਬ ਚਾੜ੍ਹਿਆ ਗਿਆ ਹੈ! ਇਹ ਤੁਹਾਡੇ ਲਈ ਸਭ ਤੋਂ ਅਜੋਕਾ ਨਜ਼ਾਰਾ ਹੈ: ਪਰਮੇਸ਼ਰ ਦਾ ਪੁੱਤਰ ਅਤੇ ਮਨੁੱਖ ਦਾ ਪੁੱਤਰ, ਅਕੱਥ ਪੀੜਾਂ ਨੂੰ ਸਹਿੰਦਾ ਹੋਇਆ — ਕੁਧਰਮੀਆਂ ਲਈ ਇਕ ਧਰਮੀ — ਸਲੀਬ ਚਾੜ੍ਹਿਆ ਗਿਆ ਹੈ, ਕਿ ਉਹ ਸਾਨੂੰ ਪਰਮੇਸ਼ਰ ਕੋਲ ਲਿਜਾ ਸਕੇ!

"ਹਾਏ, ਇਹ ਮਹਿਮਾਵੰਤ ਨਜ਼ਾਰਾ! ਦੁਖ ਝੱਲਦਾ ਹੋਇਆ ਇਕ ਨਿਰਦੋਸ਼! ਦੋਸ਼ੀ ਠਹਿਰਾਇਆ ਗਿਆ ਇਕ ਪਵਿੱਤਰ ਜਨ! ਸਰਾਪਤ ਕੀਤਾ ਗਿਆ ਇਕ ਸਨਾਤਨ ਮੁਬਾਰਕ! ਅਪਰੰਪਾਰ ਮਹਿਮਾ ਨਾਲ ਭਰਪੂਰ ਮੁਕਤੀਦਾਤਾ ਹੁਣ ਇਕ ਸ਼ਰਮਨਾਕ ਮੌਤ ਮਰ ਰਿਹਾ ਹੈ!"[30]

ਜਿਹੜਾ ਭੈੜਾ ਸਲੂਕ ਮੁਕਤੀਦਾਤਾ ਨਾਲ ਕੀਤਾ ਗਿਆ ਸੀ ਉਹ ਇਸ ਦਾ ਹੱਕਦਾਰ ਨਹੀਂ ਸੀ ਅਤੇ ਨਾ ਹੀ ਅਸੀਂ ਉਸ ਅਜ਼ੀਮ ਕੀਮਤ ਦੇ ਲਾਇਕ ਸਾਂ ਜਿਹੜੀ ਉਸ ਨੇ ਅਦਾ ਕੀਤੀ ਹੈ। ਇਹ ਕੀਮਤ ਬਹੁਤ ਜ਼ਿਆਦਾ ਸੀ। ਜੇਕਰ ਅਸੀਂ ਇਸ ਨੂੰ ਪੂਰੀ ਤਰ੍ਹਾਂ ਸਿਆਣ ਜਾਈਏ ਤਾਂ ਉਸ ਦੀ ਸ਼ੁਕਰਗੁਜ਼ਾਰੀ ਕਰਦਿਆਂ ਸਾਡੇ ਹਿਰਦੇ ਖੁਰ ਜਾਣਗੇ ਅਤੇ ਸਾਡੀਆਂ ਅੱਖਾਂ ਹੰਝੂਆਂ ਵਿਚ ਪਿਘਲ ਕੇ ਵਗ ਜਾਣਗੀਆਂ।"

> ਕਿਰਪਾ ਦੀਆਂ ਜਲਾਲੀ ਡੂੰਘਿਆਈਆਂ ਵਿਚ ਡੁੱਬਦੇ ਜਾ ਕੇ
> ਸਾਡੇ ਹਿਰਦੇ ਕੇਵਲ ਰੋ ਹੀ ਸਕਦੇ ਹਨ।

ਹਾਂ, ਇਹ ਸੱਚ ਹੈ ਕਿ ਉਸ ਦੀ ਮੌਤ ਨਾਲ ਹੀ ਸਭਕੁਝ ਸਮਾਪਤ ਨਹੀਂ ਹੋ ਗਿਆ। ਤਿੰਨਾਂ ਦਿਨਾਂ ਮਗਰੋਂ ਉਹ ਜੀ ਉੱਠਿਆ। ਉਸ ਦੀ ਮੌਤ

ਬਾਕੀ ਮਨੁੱਖਾਂ ਵਰਗੀ ਵੀ ਹੋ ਸਕਦੀ ਸੀ। ਪਰ ਉਸ ਦੀ ਮੌਤ ਬਾਕੀਆਂ ਨਾਲੋਂ ਵੱਖਰੀ ਸੀ। ਉਹ ਪਹਿਲਾ ਅਜਿਹਾ ਵਿਅਕਤੀ ਹੈ ਜਿਹੜਾ ਮੌਤ ਵਿਚੋਂ ਜੀ ਉੱਠਿਆ ਹੈ ਅਤੇ ਹੁਣ ਕਦੇ ਨਹੀਂ ਮਰੇਗਾ। ਉਹ ਪਹਿਲਾ ਅਜਿਹਾ ਵਿਅਕਤੀ ਹੈ ਜਿਹੜਾ ਤੇਜਵਾਨ ਸਰੀਰ ਵਿੱਚ ਜੀ ਉੱਠਿਆ ਹੈ। ਉਸ ਦੇ ਜੀ ਉੱਠਣ ਨੇ ਇਹ ਦਰਸ਼ਾ ਦਿੱਤਾ ਹੈ ਕਿ ਉਹ ਪਰਮੇਸ਼ਰ ਦਾ ਸਮਰੱਥੀ ਪੁੱਤਰ ਹੈ। ਇਹ ਇਸ ਗੱਲ ਦਾ ਸਬੂਤ ਸੀ ਕਿ ਪਰਮੇਸ਼ਰ ਉਸ ਦੇ ਸਲੀਬੀ ਕੰਮ ਤੋਂ ਪੂਰੀ ਤਰ੍ਹਾਂ ਪ੍ਰਸੰਨ ਸੀ। ਅਤੇ ਇਹ ਇਕ ਜਮਾਨਤ ਹੈ ਕਿ ਜਿੰਨੇ ਲੋਕ ਉਸ ਉੱਤੇ ਵਿਸ਼ਵਾਸ ਕਰਦੇ ਹਨ, ਉਹ ਵੀ ਉਸੇ ਤਰ੍ਹਾਂ ਤੇਜਵਾਨ ਸਰੀਰ ਵਿਚ ਜੀ ਉੱਠਣਗੇ ਜਿਵੇਂ ਉਹ ਜੀ ਉੱਠਿਆ ਹੈ।

## ਉਸ ਨੇ ਇਹ ਕਿਸ ਦੇ ਲਈ ਕੀਤਾ

ਅਸੀਂ ਕੁਧਰਮੀ ਪਾਪੀ, ਨਾਸ਼ੁਕਰੇ ਅਪਰਾਧੀ ਅਤੇ ਨਾਲਾਇਕ ਕੀੜੇ ਸਾਂ।

ਅਸੀਂ ਵਿਗੁੱਤੇ, ਬੇਸਹਾਰਾ ਅਤੇ ਲਾਚਾਰ ਸਾਂ।

ਅਸੀਂ ਕੇਵਲ ਨਰਕਾਂ ਦੇ ਹੀ ਭਾਗੀ ਸਾਂ।

ਸਾਡੇ ਵਿਚ ਅਜਿਹਾ ਕੁਝ ਵੀ ਨਹੀਂ ਸੀ ਕਿ ਸਾਨੂੰ ਪ੍ਰੇਮ ਕੀਤਾ ਜਾਂਦਾ।

ਅਸੀਂ ਪ੍ਰਭੂ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦੇ ਸਾਂ। ਅਸੀਂ ਨਹੀਂ ਚਾਹੁੰਦੇ ਸਾਂ ਕਿ ਸਾਡੇ ਜੀਵਨਾਂ ਨੂੰ ਕੋਈ ਸਵਰਗੀ ਸ਼ਕਤੀ ਚਲਾਏ।

ਜੇਕਰ ਅਸੀਂ ਆਪਣੇ ਸਰਬਉੱਤਮ ਵੀ ਕਰਦੇ, ਤਾਂ ਵੀ ਸਾਡੀ ਧਾਰਮਿਕਤਾ ਪਲੀਤ ਕੱਪੜਿਆਂ ਵਰਗੀ ਹੀ ਹੁੰਦੀ। ਅਤੇ ਜਦੋਂ ਅਸੀਂ ਆਪਣੇ ਸਭ ਤੋਂ ਭੈੜੇ ਨੀਚਪੁਣੇ 'ਤੇ ਉੱਤਰ ਆਏ, ਉਦੋਂ ਅਸੀਂ ਆਪਣੇ ਹੀ ਮੁਕਤੀਦਾਤਾ ਦੀ ਹੱਤਿਆ ਕਰ ਦਿੱਤੀ। ਨਬੀ ਨੇ ਇਨ੍ਹਾਂ ਸ਼ਬਦਾਂ ਵਿਚ ਸੱਚਾਈ ਹੀ ਬਿਆਨ ਕੀਤੀ ਹੈ, ਜਦੋਂ ਉਸ ਨੇ ਆਖਿਆ ਕਿ ਮਨੁੱਖ ਦਾ ਦਿਲ ਸਭ ਚੀਜ਼ਾਂ ਨਾਲੋਂ ਧੋਖੇਬਾਜ਼ ਹੈ, ਉਹ ਪੁੱਜ ਕੇ ਖਰਾਬ ਹੈ?[31] ਇਸ ਦੀ ਭ੍ਰਿਸ਼ਟਤਾ ਦੀਆਂ ਗਹਿਰਾਈਆਂ ਨੂੰ ਕੌਣ ਜਾਣ ਸਕਿਆ ਹੈ?

ਇਥੇ ਸਾਨੂੰ ਥੋੜਾ ਰੁਕ ਕੇ ਇਸ ਫਰਕ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਆਪਣੇ ਆਪ ਨੂੰ ਕਿਵੇਂ ਵੇਖਦੇ ਹਾਂ ਅਤੇ ਪਰਮੇਸ਼ਰ ਸਾਨੂੰ ਕਿਵੇਂ

ਵੇਖਦਾ ਹੈ। ਬਥੇਰੇ ਲੋਕਾਂ ਦਾ ਮਿਜਾਜ਼ ਦਿਆਲੂ ਅਤੇ ਮਿਲਣਸਾਰ ਹੁੰਦਾ ਹੈ। ਉਹ ਚੰਗੇ ਗੁਆਂਢੀ ਹੁੰਦੇ ਹਨ ਅਤੇ ਨੇਮ ਨਾਲ ਕਲੀਸਿਆ ਦੀ ਸੰਗਤੀ ਵਿਚ ਜਾਂਦੇ ਹਨ। ਉਹ ਗਰੀਬਾਂ, ਰੋਗੀਆਂ ਅਤੇ ਲਾਚਾਰਾਂ ਦੀ ਮਦਦ ਕਰਦੇ ਹਨ। ਤੁਸੀਂ ਅਜਿਹੇ ਲੋਕਾਂ ਨੂੰ ਜਾਣਦੇ ਹੋ ਅਤੇ ਹੋ ਸਕਦਾ ਹੈ ਕਿ ਤੁਸੀਂ ਆਪ ਵੀ ਅਜਿਹੇ ਵਿਅਕਤੀ ਹੋ — ਸੱਭਿਆਚਾਰੀ, ਕਨੂੰਨ ਦੇ ਪਾਬੰਦ ਨਾਗਰਿਕ, ਹਿਤਕਾਰੀ ਅਤੇ ਲੋਕਾਂ ਵਿਚ ਸੱਜਣ।

ਪਰ ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪਰਮੇਸ਼ਰ ਦੀ ਕਸਵੱਟੀ ਸਿੱਧਤਾ ਹੈ, ਅਤੇ ਅਸੀਂ ਸਾਰੇ ਦੇ ਸਾਰੇ ਉਸ ਕਸਵੱਟੀ ਉੱਤੇ ਖਰੇ ਨਹੀਂ ਉੱਤਰੇ ਹਾਂ।[32] ਸਾਡੇ ਵਿਚੋਂ ਅਜਿਹਾ ਇਕ ਵੀ ਨਹੀਂ ਹੈ ਜਿਹੜਾ ਪਾਪ ਨਾ ਕਰਦਾ ਹੋਵੇ। ਸਾਡੇ ਵਿਚੋਂ ਕੋਈ ਵੀ ਨਹੀਂ ਚਾਹੇਗਾ ਕਿ ਸਾਡੇ ਵਿਚਾਰ ਕਦੇ ਵੀ ਖੁੱਲ੍ਹ ਕੇ ਲੋਕਾਂ ਦੇ ਸਾਹਮਣੇ ਆ ਜਾਣ। ਭਾਵੇਂ ਅਸੀਂ ਸਾਰਿਆਂ ਦਸ ਹੁਕਮਾਂ ਦੀ ਹੁਕਮ-ਅਦੂਲੀ ਨਾ ਕਰੀਏ, ਪਰ ਜੇਕਰ ਅਸੀਂ ਚਾਹੀਏ ਤਾਂ ਅਸੀਂ ਅਜਿਹਾ ਕਰ ਸਕਦੇ ਹਾਂ। ਸਾਡੀ ਅੱਜ ਦੀ ਹਾਲਤ ਪਹਿਲਾਂ ਨਾਲੋਂ ਕਿਤੇ ਬੱਦਤਰ ਹੈ। ਹੋ ਸਕਦਾ ਹੈ ਕਿ ਕੁਝ ਲੋਕ ਬਾਕੀਆਂ ਨਾਲੋਂ ਥੋੜ੍ਹੇ ਬਿਹਤਰ ਹੋਣ, ਪਰ ਪਰਮੇਸ਼ਰ ਸਾਨੂੰ ਸਾਰਿਆਂ ਨੂੰ ਅਜਿਹੇ ਲਾਚਾਰ ਪਾਪੀਆਂ ਵੱਜੋਂ ਵੇਖਦਾ ਹੈ ਜਿਨ੍ਹਾਂ ਨੂੰ ਮੁਕਤੀ ਦੀ ਬਹੁਤ ਜ਼ਿਆਦਾ ਅਤੇ ਬਹੁਤ ਤਾਗੀਦੀ ਨਾਲ ਲੋੜ ਹੈ।

ਅਸੀਂ ਅਪਰਾਧਾਂ ਅਤੇ ਪਾਪਾਂ ਵਿਚ ਮਰੇ ਪਏ ਸਾਂ। ਅਸੀਂ ਇਸ ਸੰਸਾਰ ਦੀਆਂ ਰੀਤਾਂ 'ਤੇ ਸ਼ੈਤਾਨ ਦੇ ਚਲਾਏ ਚੱਲਦੇ ਸਾਂ। ਅਸੀਂ ਅਣਆਗਿਆਕਰ, ਆਪਣੇ ਸਰੀਰ ਅਤੇ ਮਨ ਦੀਆਂ ਲਾਲਸਾਵਾਂ ਪੂਰੀਆਂ ਕਰਨ ਲਈ ਜੀ ਰਹੇ ਸਾਂ। ਸੁਭਾਅ ਤੋਂ ਹੀ ਅਸੀਂ ਕ੍ਰੋਧ ਦੀ ਸੰਤਾਨ ਸਾਂ, ਮਸੀਹ ਤੋਂ ਵਾਂਝੇ ਸਾਂ, ਪਰਮੇਸ਼ਰ ਤੋਂ ਰਹਿਤ ਸਾਂ ਅਤੇ ਆਸ਼ਾਹੀਣ ਸਾਂ।[33]

ਸਾਡੇ ਜਿਹੇ ਲੋਕਾਂ ਲਈ ਹੀ ਮਸੀਹ ਨੇ ਮੌਤ ਕਬੂਲ ਕੀਤੀ। ਇਥੇ ਜ਼ਿਕਰਯੋਗ ਗੱਲ ਇਹ ਹੈ ਕਿ ਅਸੀਂ ਪੂਰੀ ਤਰ੍ਹਾਂ ਮਹੱਤਵਹੀਣ ਹਾਂ। ਜਦੋਂ 10,000 ਫੁੱਟ ਦੀ ਉਚਾਈ ਤੋਂ ਹੇਠਾਂ ਸਾਨੂੰ ਵੇਖਿਆ ਜਾਵੇ ਤਾਂ ਅਸੀਂ ਸ਼ਾਇਦ ਹੀ ਦਿਖਾਈ ਦੇਈਏ। ਅਤੇ ਜੇਕਰ ਸਾਨੂੰ ਕਰੋੜਾਂ ਪ੍ਰਕਾਸ਼ ਵਰ੍ਹਿਆਂ ਦੂਰੋਂ ਵੇਖਿਆ ਜਾਵੇ ਤਾਂ ਸਾਡੀ ਕੀ ਹਸਤੀ ਨਜ਼ਰ ਆਵੇਗੀ। ਪਰ ਫਿਰ ਵੀ ਉਸ ਨੇ ਸਾਨੂੰ ਪ੍ਰੇਮ ਕੀਤਾ! ਵਰਮਨ ਸੀ. ਗ੍ਰਾਉਂਡਸ ਲਿਖਦੇ ਹਨ: "ਸਾਡੀ

ਧਰਤੀ ਦੀ ਨਿਰੀ ਮਹੱਤਵਹੀਣਤਾ ਨੂੰ ਵੇਖਦੇ ਹੋਏ ਇਹ ਵਿਸ਼ਵਾਸ ਕਰਨਾ ਔਖਾ ਹੋ ਜਾਂਦਾ ਹੈ ਕਿ ਕੀ ਇਸ ਕਾਇਨਾਤ ਦਾ ਸਿਰਜਣਹਾਰ ਪਰਮੇਸ਼ਰ ਇਹ ਚਿੰਤਾ ਕਰਦਾ ਹੋਵੇਗਾ ਕਿ ਇਸ ਦੂਜੇ ਦਰਜੇ ਦੇ ਸੂਰਜ-ਮੰਡਲ ਦੇ ਇਸ ਨਿੱਕੇ ਜਿਹੇ ਗ੍ਰਹਿ ਉੱਤੇ ਮਸਾਂ ਹੀ ਦਿਖਣ ਵਾਲੇ ਕਿਸੇ ਵੀ ਮਨੁੱਖੀ ਪਰਿਵਾਰ ਵਿਚ ਕੀ ਹੋ ਰਿਹਾ ਹੈ।" ਫਿਰ ਉਹ ਆਖਦੇ ਹਨ, "ਹੈਰਾਨੀਜਨਕ ਸੱਚਾਈ ਇਹ ਹੈ ਕਿ ਪਰਮੇਸ਼ਰ ਸੱਚਮੁੱਚ ਇਸ ਦੀ ਚਿੰਤਾ ਕਰਦਾ ਹੈ।"[34]

ਕੋਈ ਵੀ ਵਿਅਕਤੀ ਉਦੋਂ ਤਕ ਮਸੀਹ ਦੀ ਕਿਰਪਾ ਦੀ ਸ਼ਲਾਘਾ ਨਹੀਂ ਕਰ ਸਕਦਾ ਜਦੋਂ ਤਕ ਉਹ ਸਲੀਬ ਦੇ ਕੋਲ ਆ ਕੇ ਡੀ.ਟੀ. ਨਾਇਲਸ ਵਾਂਗ ਇਹ ਨਾ ਆਖੇ, "ਮੈਂ ਉਸ ਦੇ ਨਾਲ ਆਹ ਕੀਤਾ ਅਤੇ ਉਸ ਨੇ ਮੇਰੇ ਲਈ ਇਹ ਕੀਤਾ ਹੈ।"[35]

## ਵਿਸ਼ਵਾਸੀਆਂ ਲਈ ਇਸ ਦੇ ਕੀ ਮਾਅਨੇ ਹਨ

ਕਿਰਪਾ ਤਾਂ ਉਸ ਤੋਂ ਵੀ ਬਹੁਤ ਘੱਟ ਕਰ ਸਕਦੀ ਸੀ ਜੋ ਇਸ ਨੇ ਵਿਸ਼ਵਾਸੀਆਂ ਲਈ ਦਰਅਸਲ ਕੀਤਾ ਹੈ। ਉਦਾਹਰਣ ਵੱਜੋਂ, ਇਹ ਸਾਨੂੰ ਬੁਢਾਪੇ ਤੋਂ ਆਉਣ ਵਾਲੀਆਂ ਨਿਰਬਲਤਾਈਆਂ ਤੋਂ ਰਹਿਤ ਇਸ ਧਰਤੀ 'ਤੇ ਕਦੇ ਨਾ ਮੁੱਕਣ ਵਾਲੀ ਜ਼ਿੰਦਗੀ ਦੇ ਸਕਦੀ ਸੀ। ਇਹ ਵੀ ਆਪਣੇ ਆਪ ਵਿਚ ਅਦਭੁਤ ਹੋ ਸਕਦਾ ਸੀ। ਇਹ ਮਨੁੱਖਾਂ ਨੂੰ ਸਦਾਕਾਲ ਲਈ ਬਲਦੀ ਅੱਗ ਵਿਚ ਸੜਨ ਤੋਂ ਬਚਾ ਸਕਦੀ ਸੀ। ਇਹ ਤਾਂ ਹੋਰ ਵੀ ਜ਼ਿਆਦਾ ਵਧੀਆ ਹੁੰਦਾ।

ਪਰ ਪਰਮੇਸ਼ਰ ਇਨ੍ਹਾਂ ਨਿੱਕੀਆਂ-ਮੋਟੀਆਂ ਗੱਲਾਂ ਵਿਚ ਸੰਤੋਖ ਕਰਨ ਵਾਲਾ ਨਹੀਂ ਸੀ। ਆਪਣੇ ਪੁੱਤਰ ਦੀ ਕੁਰਬਾਨੀ ਵਿਚ ਆਪਣਾ ਸਰਬਉੱਤਮ ਦੇ ਕੇ ਉਸ ਨੇ ਫੈਸਲਾ ਕੀਤਾ ਕਿ ਉਹ ਆਪਣੀ ਸਭ ਤੋਂ ਵਧ ਧਨੀ ਮੀਰਾਸ ਵੀ ਨਹੀਂ ਰੱਖ ਛੱਡੇਗਾ।

ਕਿਰਪਾ ਦੀ ਖੁਸ਼ਖਬਰੀ ਦੇ ਨਾਲ ਆਉਣ ਵਾਲੇ ਕੁਝ ਲਾਭ ਹੇਠਾਂ ਲਿਖੇ ਗਏ ਹਨ।

*ਅਨੰਦ:* ਇਹ ਇਕ ਅਲੌਕਿਕ ਜਜ਼ਬਾਤ ਹੈ ਜਿਹੜਾ ਹਾਲਾਤਾਂ ਉੱਤੇ ਬਿਲਕੁਲ ਵੀ ਨਿਰਭਰ ਨਹੀਂ ਕਰਦਾ ਹੈ। ਇਹ ਪਰਮੇਸ਼ਰ ਅਤੇ ਪ੍ਰਭੂ ਯਿਸੂ

ਮਸੀਹ ਦੇ ਨਾਲ ਸਬੰਧ ਸਦਕਾ ਉਪਜਦਾ ਹੈ। ਇਸ ਕਰਕੇ ਇਹ ਇਸ ਸਬੰਧ ਜਿੰਨਾ ਹੀ ਤਕੜਾ ਰਹਿੰਦਾ ਹੈ। ਇਸ ਦਾ ਉਲਟ ਪਾਪ ਨਹੀਂ ਸਗੋਂ ਉਦਾਸੀ ਹੁੰਦੀ ਹੈ।

*ਸ਼ਾਂਤੀ:* ਜਿਹੜੇ ਵਿਸ਼ਵਾਸ ਸਦਕਾ ਧਰਮੀ ਠਹਿਰਾਏ ਗਏ ਹਨ ਉਹ ਪਰਮੇਸ਼ਰ ਦੇ ਨਾਲ ਮੇਲ ਅਰਥਾਤ ਸ਼ਾਂਤੀ ਦਾ ਅਨੰਦ ਮਾਣਦੇ ਹਨ। ਉਨ੍ਹਾਂ ਸਮਰਪਣ ਦੀ ਝੰਡੀ ਲਹਿਰਾ ਕੇ ਸਰਬਸ਼ਕਤੀਮਾਨ ਨਾਲ ਆਪਣਾ ਵਿਰੋਧ ਸਮਾਪਤ ਕਰ ਦਿੱਤਾ ਹੈ। ਉਹ ਇਕ ਹੋਰ ਹੀ ਸੰਸਾਰ ਦੀ ਸ਼ਾਂਤੀ, ਸਕੂਨ, ਸੰਤੁਲਨ ਦੇ ਪੈਰੋਕਾਰ ਹੋ ਗਏ ਹਨ, ਕਿਉਂਕਿ ਉਹ ਜਾਣ ਗਏ ਹਨ ਕਿ ਸਭਨਾਂ ਗੱਲਾਂ ਉੱਤੇ ਪ੍ਰਭੂ ਦਾ ਹੀ ਨਿਯੰਤ੍ਰਣ ਹੈ।

*ਆਸ:* ਨਵੇਂ ਨੇਮ ਵਿਚ ਆਸ ਅਕਸਰ ਸਵਰਗ ਵਿਚ ਵਿਸ਼ਵਾਸੀ ਦੇ ਭਵਿੱਖ ਵੱਲ ਇਸ਼ਾਰਾ ਕਰਦੀ ਹੈ। ਇਸ ਸ਼ਬਦ ਦੇ ਆਮ ਅਰਥ ਦੇ ਵਿਰੁੱਧ ਇਸ ਆਸ ਵਿਚ ਸ਼ੰਕਾ ਕਣ ਮਾਤਰ ਵੀ ਨਹੀਂ ਹੈ ਕਿਉਂਕਿ ਇਹ ਪਰਮੇਸ਼ਰ ਦੀ ਪ੍ਰਤਿੱਗਿਆ 'ਤੇ ਅਧਾਰਿਤ ਹੈ। ਵਿਸ਼ਵਾਸੀ ਸਵਰਗ ਬਾਰੇ ਇਵੇਂ ਸੁਨਿਸ਼ਚਿਤ ਹੋ ਸਕਦੇ ਹਨ ਜਿਵੇਂ ਕਿ ਉਹ ਉਥੇ ਆ ਹੀ ਚੁੱਕੇ ਹਨ।

*ਅਰਾਮ:* ਜਦੋਂ ਯਿਸੂ ਨੇ ਆਖਿਆ, "...ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ," ਤਾਂ ਉਹ ਦਰਅਸਲ ਮੁਕਤੀ ਦੇ ਅਰਾਮ ਦੀ ਗੱਲ ਕਰ ਰਿਹਾ ਸੀ। ਜਦੋਂ ਮਨੁੱਖ ਸਦੀਪਕ ਜੀਵਨ ਪ੍ਰਾਪਤ ਕਰਨ ਲਈ ਆਪ ਜਤਨ ਕਰਨੇ ਛੱਡ ਦਿੰਦਾ ਹੈ ਅਤੇ ਮਸੀਹ ਦੁਆਰਾ ਪੂਰੇ ਕੀਤੇ ਜਾ ਚੁੱਕੇ ਕੰਮ ਦਾ ਆਸਰਾ ਲੈ ਲੈਂਦਾ ਹੈ ਤਾਂ ਉਸ ਨੂੰ ਅਰਾਮ ਹੀ ਤਾਂ ਮਿਲਦਾ ਹੈ। ਪਰ ਯਿਸੂ ਨੇ ਇਕ ਹੋਰ ਅਰਾਮ ਬਾਰੇ ਵੀ ਆਖਿਆ, "ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ...ਅਤੇ ਤੁਸੀਂ ਆਪਣਿਆਂ ਜੀਆਂ ਵਿਚ ਅਰਾਮ ਪਾਓਗੇ।" ਇਹ ਅਰਾਮ ਪ੍ਰਭੂ ਦੀ ਸੇਵਾ ਕਰਦਿਆਂ ਅਤੇ ਉਸ ਦੀ ਕੋਮਲਤਾ ਅਤੇ ਮਨ ਦੀ ਗਰੀਬੀ ਦੀ ਮਿਸਾਲ ਦੀ ਪੈਰੋਕਾਰੀ ਕਰਦਿਆਂ ਮਿਲਦਾ ਹੈ।

*ਅਜ਼ਾਦੀ:* ਸੱਚਾਈ ਲੋਕਾਂ ਨੂੰ ਅਜ਼ਾਦ ਕਰ ਦਿੰਦੀ ਹੈ — ਅਜ਼ਾਦ ਇਸ ਲਈ ਨਹੀਂ ਕਿ ਉਹ ਸਰੀਰਕ ਕੰਮਾਂ ਵਿਚ ਲਿਪਤ ਹੋ ਜਾਣ, ਪਰ ਅਜ਼ਾਦੀ ਇਸ ਲਈ ਕਿ ਉਹ ਧਾਰਮਿਕਤਾ ਦਾ ਜੀਵਨ ਜੀ ਸਕਣ, ਪਰਮੇਸ਼ਰ ਨੂੰ ਪ੍ਰਸੰਨ ਕਰ ਸਕਣ ਅਤੇ ਉਸ ਦੀ ਸੇਵਾ ਕਰ ਸਕਣ। ਮਸੀਹੀ ਲੋਕ ਪਾਪ ਦੇ ਅਧਿਕਾਰ ਅਤੇ ਸ਼ਰਾ ਦੇ ਬੰਧਨਾਂ ਤੋਂ ਅਜ਼ਾਦ ਹੋ ਚੁੱਕੇ ਹਨ ਪਰ ਉਹ

ਹੁਕਮ-ਅਦੂਲ ਨਹੀਂ ਹੋ ਗਏ ਹਨ। ਸਗੋਂ ਉਹ ਤਾਂ ਹੁਣ ਮਸੀਹ ਦੇ ਪ੍ਰੇਮ ਨਾਲ ਬੱਝ ਗਏ ਹਨ।

*ਜ਼ਿੰਦਗੀ ਦਾ ਉਦੇਸ਼:* ਨਵਾਂ ਜਨਮ ਪ੍ਰਾਪਤ ਕੀਤੇ ਬਿਨਾਂ ਕੋਈ ਵੀ ਵਿਅਕਤੀ ਆਪਣੇ ਵਜੂਦ ਦਾ ਅਸਲ ਕਾਰਨ ਕਦੇ ਵੀ ਨਹੀਂ ਜਾਣ ਸਕਦਾ। ਉਸ ਤੋਂ ਬਾਦ ਹੀ ਜ਼ਿੰਦਗੀ ਦਰਅਸਲ ਸਾਰਥਕ ਬਣਦੀ ਹੈ। ਉਦੋਂ ਹੀ ਉਸ ਨੂੰ ਅਜਿਹਾ ਕੁਝ (ਜਾਂ ਇਹ ਕਹਿਣਾ ਬਿਹਤਰ ਹੋਵੇਗਾ ਕਿ ਅਜਿਹਾ ਕੋਈ) ਮਿਲ ਜਾਂਦਾ ਹੈ ਜਿਸ ਦੇ ਲਈ ਉਹ ਜੀ ਸਕਦਾ ਹੈ ਅਤੇ ਜਿਸ ਦੇ ਲਈ ਉਹ ਮਰ ਵੀ ਸਕਦਾ ਹੈ। ਆਖਿਰਕਾਰ ਉਸ ਨੂੰ ਪਰਮੇਸ਼ਰ ਦੇ ਪੁੱਤਰ ਦੇ ਪ੍ਰਤੀ ਸਮਰਪਣ ਕਰਕੇ ਸੱਚਾ ਸੰਤੋਖ ਮਿਲਦਾ ਹੈ। ਹੁਣ ਉਸ ਨੂੰ ਜੀਵਨ ਦੀ ਫ਼ਿਲਾਸਫ਼ੀ ਦਾ ਗਿਆਨ ਹੋ ਜਾਂਦਾ ਹੈ ਜੋ ਸਰਿਸ਼ਟੀ, ਦੁਸ਼ਟਤਾ ਦੀ ਮੌਜੂਦਗੀ ਅਤੇ ਮੌਤ ਦੇ ਤੱਥਾਂ ਬਾਰੇ ਪ੍ਰਸ਼ਨਾਂ ਦਾ ਜਵਾਬ ਦੇ ਦਿੰਦੀ ਹੈ ਜਿਹੜੇ ਦਰਅਸਲ ਸਦੀਆਂ ਤੋਂ ਮਨੁੱਖਾਂ ਨੂੰ ਪਰੇਸ਼ਾਨ ਕਰਦੇ ਆ ਰਹੇ ਹਨ। ਉਸ ਨੂੰ ਆਪਣਾ ਘਰ ਮਿਲ ਜਾਂਦਾ ਹੈ।

*ਸੰਤੋਖ:* ਵਿਸ਼ਵਾਸੀਆਂ ਨੂੰ ਹੁਣ ਆਪਣੇ ਆਪ ਵਿਚ ਜਾਂ ਆਪਣੀਆਂ ਉਪਲਬਧੀਆਂ ਵਿਚ ਸੰਤੋਖ ਨਹੀਂ ਮਿਲਦਾ, ਸਗੋਂ ਉਨ੍ਹਾਂ ਨੂੰ ਮਸੀਹ ਵਿਚ ਸੰਤੋਖ ਮਿਲਦਾ ਹੈ। ਜਿਵੇਂ ਕਿ ਡੀ. ਮਾਰਟਿਨ ਲੋਯਡ-ਜੋਨਸ ਨੇ ਆਖਿਆ, "ਹੁਣ ਮੇਰਾ ਹਿਰਦਾ ਕਿਸੇ ਹੋਰ ਵਸਤੂ ਦੀ ਤਾਂਘ ਨਹੀਂ ਕਰਦਾ ਕਿਉਂਕਿ ਉਹ ਸਭ ਮਸੀਹ ਤੋਂ ਮਿਲਣ ਵਾਲੇ ਸੰਤੋਖ ਦੀ ਤੁਲਨਾ ਵਿਚ ਕੁਝ ਵੀ ਨਹੀਂ ਹਨ।"[36]

ਕਿਰਪਾ ਇਹ ਸਭ ਅਤੇ ਇਸ ਤੋਂ ਇਲਾਵਾ ਹੋਰ ਵੀ ਬਹੁਤ ਬਹੁਤ ਕੁਝ ਮੁਹੱਈਆ ਕਰਵਾਉਂਦੀ ਹੈ।

ਜਿਵੇਂ ਹੀ ਪਾਪੀ ਵਿਸ਼ਵਾਸ ਰਾਹੀਂ ਯਿਸੂ ਮਸੀਹ ਨੂੰ ਪ੍ਰਭੂ ਕਬੂਲ ਕਰਦੇ ਹਨ, ਉਸੇ ਵੇਲੇ ਉਹ:

*ਸਦੀਪਕ ਜੀਵਨ ਪ੍ਰਾਪਤ ਕਰ ਲੈਂਦੇ ਹਨ।*[37] ਇਹ ਬੇਸ਼ਕੀਮਤੀ ਤੋਹਫ਼ਾ ਮਸੀਹ ਦਾ ਆਪਣਾ ਜੀਵਨ ਹੈ, ਭਰਪੂਰੀ ਦਾ ਉਹ ਜੀਵਨ ਜਿਸ ਦੀ ਪ੍ਰਤਿੱਗਿਆ ਮੁਕਤੀਦਾਤਾ ਨੇ ਆਪ ਕੀਤੀ ਹੈ।[38] ਇਥੋਂ ਤਕ ਕਿ ਮੁਕਤੀ ਤੋਂ ਵਾਂਝਿਆਂ ਦਾ ਵਜੂਦ ਵੀ ਸਦਾਕਾਲ ਤਕ ਰਹੇਗਾ, ਪਰ ਮਸੀਹ ਅਰਥਾਤ ਮਹਿਮਾ ਦੀ ਆਸ ਨਾਲ ਰਹਿਣ ਦਾ ਸਨਮਾਨ ਕੇਵਲ ਵਿਸ਼ਵਾਸੀਆਂ ਨੂੰ

ਹੀ ਮਿਲੇਗਾ।[39] ਸੁਭਾਵਕ ਜੀਵਨ ਇਸ ਧਰਤੀ ਦੇ ਜਨਮ ਲੈਣ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਇਹ ਮੌਤ ਦੇ ਅਧੀਨ ਰਹਿੰਦਾ ਹੈ। ਸਦੀਪਕ ਜੀਵਨ ਨਵੇਂ ਜਨਮ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਮੌਤ ਦਾ ਇਸ ਉੱਤੇ ਕੋਈ ਪ੍ਰਭਾਵ ਨਹੀਂ ਹੈ। ਸਦੀਪਕ ਜੀਵਨ ਤਾਂ ਦਰਅਸਲ ਪਰਮੇਸ਼ਰ ਦੇ ਨਾਲ ਸਦਾਕਾਲ ਦੀ ਸੰਗਤੀ ਹੈ। ਇਹ ਕਿੰਨਾ ਹੈਰਾਨੀਜਨਕ ਹੈ!

*ਮਾਫ਼ੀ ਪ੍ਰਾਪਤ ਕਰ ਲੈਂਦੇ ਹਨ।*[40] ਕਿਰਪਾ ਦੇ ਚਮਤਕਾਰ ਰਾਹੀਂ, ਪਰਮੇਸ਼ਰ ਉਨ੍ਹਾਂ ਨੂੰ ਮਾਫ਼ ਕਰ ਦਿੰਦਾ ਹੈ ਅਤੇ ਉਨ੍ਹਾਂ ਦੇ ਪਾਪ ਉਨ੍ਹਾਂ ਤੋਂ ਇੰਨੇ ਦੂਰ ਕਰ ਦਿੰਦਾ ਹੈ ਜਿੰਨਾ ਪੂਰਬ ਤੋਂ ਪੱਛਮ ਦੂਰ ਹੈ, ਅਤੇ ਉਨ੍ਹਾਂ ਨੂੰ ਦੁਬਾਰਾ ਕਦੇ ਚੇਤੇ ਨਹੀਂ ਕਰਦਾ। ਪ੍ਰਾਸਚਿਤ ਕਰ ਲੈਣ ਵਾਲੇ ਵਿਅਕਤੀ ਉੱਤੇ ਲੱਗੇ ਹੋਏ ਸਾਰੇ ਇਲਜ਼ਾਮ ਸਲੀਬ ਉੱਤੇ ਮੇਖਾਂ ਨਾਲ ਠੋਕ ਦਿੱਤੇ ਗਏ ਸਨ।[41] ਉਹ ਮਿਟ ਗਏ ਹਨ। ਇਸੇ ਕਰਕੇ ਸੈਮੂਏਲ ਡਬਲਿਯੂ. ਗੈਂਡੀ ਇਹ ਲਿਖ ਸਕੇ:

ਮੈਨੂੰ ਮੁੱਦਈ ਦੀ ਦਹਾੜ ਸੁਣਾਈ ਦੇ ਰਹੀ ਹੈ
ਮੈਨੂੰ ਆਪਣੀਆਂ ਬਦੀਆਂ ਚੇਤੇ ਆ ਰਹੀਆਂ ਹਨ
ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਉਹ ਹਜਾਰਾਂ-ਹਜਾਰ ਹਨ
ਪਰ ਯਹੋਵਾਹ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਚੇਤੇ ਨਹੀਂ ਰੱਖਦਾ।

*ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ।*[42] ਇਸ ਦਾ ਅਰਥ ਇਹ ਹੈ ਕਿ ਮਸੀਹ ਦੇ ਅਣਮੁੱਲੇ ਲਹੂ ਦੀ ਵਡਮੁੱਲੀ ਕੀਮਤ ਦੇ ਰਾਹੀਂ ਲੋਕਾਂ ਨੂੰ ਪਾਪ ਦੀ ਗੁਲਾਮ-ਮੰਡੀ ਵਿਚੋਂ ਮੁੜ ਖਰੀਦ ਲਿਆ ਗਿਆ ਹੈ। ਇਸ ਤੋਂ ਇਲਾਵਾ ਹੋਰ ਕੋਈ ਵੀ ਸੌਦਾ ਨਾ ਤਾਂ ਇੰਨਾ ਮਹਿੰਗਾ ਅਤੇ ਨਾ ਹੀ ਇੰਨਾ ਹੈਰਾਨੀਜਨਕ ਰਿਹਾ ਹੈ। ਇਹ ਵਟਾਂਦਰਾ ਕਿੰਨਾ ਅਦਭੁਤ ਸੀ! ਅਜਿਹਾ ਕਦੇ ਨਹੀਂ ਹੋਇਆ ਹੈ ਕਿ ਇੰਨੇ ਸਾਰੇ ਲੋਕ ਇਕ ਵਿਅਕਤੀ ਦੇ ਕਰਜ਼ਦਾਰ ਹੋਏ ਹਨ!

*ਬਚਾਏ ਜਾਂਦੇ ਹਨ।*[43] ਨਾ ਕੇਵਲ ਵਿਸ਼ਵਾਸੀ ਨਰਕ ਦੀ ਸਦਾਕਾਲ ਦੀ ਸਜ਼ਾ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ; ਸਗੋਂ ਉਹ ਮੌਜੂਦਾ ਦੁਸ਼ਟ ਦੁਨਿਆਵੀ ਸਿਸਟਮ ਤੋਂ ਵੀ ਬਚਾਏ ਜਾਂਦੇ ਹਨ ਅਤੇ ਪਰਮੇਸ਼ਰ ਦੇ ਸਵਰਗੀ ਰਾਜ ਵਿਚ ਸੁਰੱਖਿਅਤ ਕਰ ਦਿੱਤੇ ਜਾਂਦੇ ਹਨ। ਵਿਸ਼ਵਾਸ ਕਰਦੇ ਹੀ ਉਹ ਪਾਪ ਦੇ *ਹਰਜਾਨੇ* ਤੋਂ ਬਚ ਜਾਂਦੇ ਹਨ। ਇਸ ਵੇਲੇ ਵੀ ਉਹ ਮਸੀਹ

ਦੀ ਸਵਰਗ ਵਿਚ ਮੌਜੂਦਾ ਸੇਵਾ ਸਦਕਾ ਇਸ ਦੀ *ਤਾਕਤ* ਤੋਂ ਬਚਾਏ ਜਾਂਦੇ ਆ ਰਹੇ ਹਨ। ਜਦੋਂ ਉਹ ਆਪਣੇ ਸਦੀਪਕ ਘਰ ਵਿਚ ਪੁੱਜ ਜਾਣਗੇ ਉਦੋਂ ਇਸ ਦੀ *ਮੌਜੂਦਗੀ* ਤੋਂ ਵੀ ਛੁਟਕਾਰਾ ਪ੍ਰਾਪਤ ਕਰ ਲੈਣਗੇ।

*ਪਿਆਰੇ ਪੁੱਤਰ ਰਾਹੀਂ ਕਬੂਲ ਕੀਤੇ ਜਾਂਦੇ ਹਨ।*[44] ਹੁਣ ਪਰਮੇਸ਼ਰ ਉਸ ਉੱਤੇ ਵਿਸ਼ਵਾਸ ਕਰਨ ਵਾਲੇ ਆਪਣੇ ਬੱਚਿਆਂ ਨੂੰ ਮਸੀਹ ਦੇ ਰਾਹੀਂ ਵੇਖਦਾ ਹੈ, ਅਤੇ ਉਸੇ ਸਦਕਾ ਹੀ ਉਨ੍ਹਾਂ ਨੂੰ ਕਬੂਲ ਕਰਦਾ ਹੈ। ਜੋ ਕੋਈ ਵੀ ਮਸੀਹ ਵਿਚ ਹੈ ਉਹ ਪਰਮੇਸ਼ਰ ਦੇ ਪੁੱਤਰ ਰਾਹੀਂ ਪਰਮੇਸ਼ਰ ਦੀ ਹਜ਼ੂਰੀ ਵਿਚ ਕਬੂਲ ਕੀਤਾ ਜਾਂਦਾ ਹੈ। ਪ੍ਰਭੂ ਯਿਸੂ ਦੇ ਵਜੂਦ ਸਦਕਾ ਉਹ ਪਰਮੇਸ਼ਰ ਦੇ ਉੱਨਾ ਹੀ ਨੇੜੇ ਹੈ ਜਿੰਨਾ ਯਿਸੂ ਆਪ ਹੈ। ਉਥੇ ਇਹ ਗੱਲ ਮਾਅਨੇ ਨਹੀਂ ਰੱਖਦੀ ਕਿ ਉਸ ਵਿਅਕਤੀ ਦਾ ਰੁਤਬਾ ਕੀ ਹੈ, ਸਗੋਂ ਉਥੇ ਤਾਂ ਮਸੀਹ ਦੇ ਨਾਲ ਉਸ ਦੀ ਏਕਤਾ ਮਾਅਨੇ ਰੱਖਦੀ ਹੈ, ਕਿਸੇ ਵਿਅਕਤੀ ਦਾ ਪ੍ਰਦਰਸ਼ਨ ਨਹੀਂ ਪਰ ਮਸੀਹ ਦਾ ਵਜੂਦ ਅਤੇ ਕੰਮ ਮਾਅਨੇ ਰਖਦਾ ਹੈ।

*ਮਸੀਹ ਵਿਚ ਸੰਪੂਰਨ ਹੋ ਜਾਂਦੇ ਹਨ।*[45] ਹਾਲਾਂਕਿ ਇਹ ਵਿਸ਼ਵਾਸ ਨੂੰ ਖਿੱਚ ਕੇ ਇਸ ਹੱਦ ਤਕ ਲੈ ਜਾਂਦਾ ਹੈ ਕਿ ਇਸ 'ਤੇ ਯਕੀਨ ਹੋਣਾ ਔਖਾ ਹੋ ਜਾਂਦਾ ਹੈ, ਪਰ ਫਿਰ ਵੀ ਇਹ ਪੂਰੀ ਤਰ੍ਹਾਂ ਸੱਚ ਹੈ; ਜੋ ਕੋਈ ਮੁਕਤੀਦਾਤਾ ਯਿਸੂ ਉੱਤੇ ਵਿਸ਼ਵਾਸ ਕਰ ਲੈਂਦਾ ਹੈ ਉਹ ਸਵਰਗ ਦੇ ਲਾਇਕ ਬਣ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਨੂੰ ਆਪ *ਮਸੀਹ* ਨੇ ਲਾਇਕ ਬਣਾਇਆ ਹੈ। ਜੇਕਰ ਕਿਸੇ ਵਿਅਕਤੀ ਕੋਲ ਮਸੀਹ ਹੈ ਤਾਂ ਉਸ ਨੂੰ ਆਪਣੇ ਪਿਤਾ ਦੇ ਘਰ ਜਾਣ ਲਈ ਕਿਸੇ ਹੋਰ ਯੋਗਤਾ ਦੀ ਲੋੜ ਨਹੀਂ ਹੈ। ਵਿਸ਼ਵਾਸੀ ਆਪਣੀ ਨਹੀਂ ਪਰ ਮਸੀਹ ਦੀ ਕਾਬਲੀਅਤ ਵਿਚ ਖੜ੍ਹੇ ਹੁੰਦੇ ਹਨ। ਜੇਕਰ ਉਸ ਨੂੰ 10 ਵਿਚੋਂ ਅੰਕ ਦਿੱਤੇ ਜਾਣੇ ਹਨ ਤਾਂ ਉਸ ਨੂੰ ਪੂਰੇ 10 ਅੰਕ ਮਿਲਣਗੇ।

*ਅਜਿਹਾ ਪ੍ਰੇਮ ਪ੍ਰਾਪਤ ਕਰ ਲੈਂਦੇ ਹਨ ਜਿਹੋ ਜਿਹਾ ਮਸੀਹ ਨੂੰ ਪ੍ਰਾਪਤ ਹੋਇਆ ਹੈ।*[46] ਨਾ ਕੇਵਲ ਸੱਚੇ ਮਸੀਹੀ *ਪਰਮੇਸ਼ਰ* ਦੇ ਉੱਨੇ ਨੇੜੇ ਹਨ ਜਿੰਨਾ ਮਸੀਹ ਹੈ; ਸਗੋਂ ਉਹ *ਪਰਮੇਸ਼ਰ ਲਈ ਉੱਨੇ ਹੀ ਪਿਆਰੇ ਵੀ ਹਨ।* ਪਿਤਾ ਉਨ੍ਹਾਂ ਨੂੰ ਉੱਨਾ ਹੀ ਪ੍ਰੇਮ ਕਰਦਾ ਹੈ ਜਿਨ੍ਹਾਂ ਆਪਣੇ ਪੁੱਤਰ ਨੂੰ। ਇਸ ਲਈ ਇਹ ਕੋਈ ਵਧਾ-ਚੜ੍ਹਾ ਕੇ ਕਹੀ ਗਈ ਗੱਲ ਨਹੀਂ ਹੈ ਕਿ ਪਰਮੇਸ਼ਰ ਆਪਣੇ ਸਭਨਾਂ ਲੋਕਾਂ ਨੂੰ ਦਿਲੋਂ ਇਕੋ ਜਿਹਾ ਪ੍ਰੇਮ ਕਰਦਾ ਹੈ। *ਇਸ ਅਦਭੁਤ*

*ਸੱਚਾਈ ਦੀ ਹੋਰ ਵਧੇਰੇ ਮੁਨਾਦੀ ਕੀਤੀ ਜਾਣੀ ਚਾਹੀਦੀ ਹੈ, ਇਸ 'ਤੇ ਵਿਸ਼ਵਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦਾ ਅਨੰਦ ਮਾਣਿਆ ਜਾਣਾ ਚਾਹੀਦਾ ਹੈ!*

*ਧਰਮੀ ਠਹਿਰਾਏ ਜਾਂਦੇ ਹਨ।*[47] ਜਦੋਂ ਅਜਿਹਾ ਪਾਪੀ, ਜਿਸ ਨੇ ਤੋਬਾ ਨਹੀਂ ਕੀਤੀ ਹੈ, ਆਪਣੇ ਨਿਆਂਕਾਰ ਪਰਮੇਸ਼ਰ ਦੇ ਸਾਹਮਣੇ ਖੜ੍ਹਾ ਹੁੰਦਾ ਹੈ ਤਾਂ ਉਸ ਦੇ ਲਈ ਇਕੋ ਫੈਸਲਾ ਸੁਣਾਇਆ ਜਾ ਸਕਦਾ ਹੈ — ਇਹ ਦੋਸ਼ੀ ਹੈ! ਪਰ ਜਦੋਂ ਤੋਬਾ ਕੀਤਾ ਹੋਇਆ ਵਿਸ਼ਵਾਸੀ ਕਟਘਰੇ ਵਿਚ ਖੜ੍ਹਾ ਹੁੰਦਾ ਹੈ, ਤਾਂ ਸਾਰਾ ਨਜ਼ਾਰਾ ਹੀ ਬਦਲ ਜਾਂਦਾ ਹੈ। ਪਰਮੇਸ਼ਰ ਤਾਂ ਨਿਆਂਕਾਰਾ ਹੀ ਹੁੰਦਾ ਹੈ, ਪਰ ਹੁਣ ਯਿਸੂ ਇਸ ਵਿਸ਼ਵਾਸੀ ਦਾ ਬਚਾਉ ਕਰਨ ਵਾਲਾ ਵਕੀਲ ਬਣ ਕੇ ਖੜ੍ਹਾ ਹੋ ਜਾਂਦਾ ਹੈ। ਜਦੋਂ ਉਸ ਵਿਸ਼ਵਾਸੀ ਉੱਤੇ ਲਾਏ ਗਾਏ ਦੋਸ਼ ਪੜ੍ਹੇ ਜਾਂਦੇ ਹਨ ਤਾਂ ਮਸੀਹ ਅਗਾਹਾਂ ਆ ਕੇ ਆਖਦਾ ਹੈ, "ਇਹ ਸੱਚ ਹੈ ਜਨਾਬ ਕਿ ਮੇਰਾ ਮੁਵੱਕਿਲ ਦੋਸ਼ੀ ਹੈ।" ਪਰ ਫਿਰ ਉਹ ਆਪਣਿਆਂ ਹੱਥਾਂ, ਪੈਰਾਂ ਅਤੇ ਵੱਖੀ ਦਿਆਂ ਜ਼ਖਮਾਂ ਵੱਲ ਇਸ਼ਾਰਾ ਕਰਦਿਆਂ ਦੁਬਾਰਾ ਆਖਦਾ ਹੈ, "ਪਰ ਇਸ ਦੇ ਅਪਰਾਧ ਦਾ ਹਰਜਾਨਾ ਮੈਂ ਕਲਵਰੀ ਦੀ ਸਲੀਬ ਉੱਤੇ ਅਦਾ ਕਰ ਦਿੱਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਦੇ ਵਟਾਂਦਰੇ ਵੱਜੋਂ ਜਿਹੜਾ ਕੰਮ ਮੈਂ ਕੀਤਾ ਹੈ ਉਸ ਨੂੰ ਇਸ ਦੇ ਲੇਖੇ ਲਿਖ ਦਿੱਤਾ ਜਾਵੇ।" ਨਿਆਂਕਾਰ ਸੰਤੁਸ਼ਟੀ ਦੀ ਹਾਮੀ ਭਰਦਿਆਂ ਸਿਰ ਹਿਲਾ ਕੇ ਆਖਦਾ ਹੈ, "ਇਸ ਮੁਲਜ਼ਮ ਨੂੰ ਨਿਰਦੋਸ਼ ਕਰਾਰ ਕਰਦਿਆਂ ਬਾਇੱਜ਼ਤ ਬਰੀ ਕੀਤਾ ਜਾਂਦਾ ਹੈ। ਮੇਰੀਆਂ ਨਜ਼ਰਾਂ ਵਿਚ ਇਹ ਧਰਮੀ ਠਹਿਰਿਆ ਹੈ। ਮੈਨੂੰ ਇਸ ਵਿਚ ਇਕ ਵੀ ਪਾਪ ਦਿਖਾਈ ਨਹੀਂ ਦੇ ਰਿਹਾ ਜਿਸ ਦੇ ਕਾਰਨ ਇਸ ਨੂੰ ਨਰਕ ਦਾ ਭਾਗੀ ਮੰਨਿਆ ਜਾਵੇ। ਮੁਕੱਦਮਾ ਖਾਰਿਜ ਕੀਤਾ ਜਾਂਦਾ ਹੈ।" ਦਿਲ ਨੂੰ ਤੱਸਲੀ ਦੇਣ ਵਾਲੀ ਇਸੇ ਸੱਚਾਈ ਸਦਕਾ ਹੀ ਡਬਲਿਯੂ. ਨੋਏਲ ਟੋਮਕਿੰਸ ਦਿਲੇਰੀ ਨਾਲ ਇਹ ਚੁਣੌਤੀ ਦੇ ਪਾਏ:

> ਪਹਿਲਾਂ ਮੇਰੇ ਮੁਬਾਰਕ ਮੁਕਤੀਦਾਤਾ ਕੋਲ ਜਾਓ;
> ਉਸ ਨੂੰ ਪਰਮੇਸ਼ਰ ਦੀ ਪ੍ਰਤਿਸ਼ਠਾ ਵਿਚੋਂ ਬਾਹਰ ਕੱਢੋ;
> ਅਤੇ ਯਿਸੂ ਵਿਚ ਪਾਪ ਦਾ ਇਕ ਵੀ ਦਾਗ਼ ਸਾਬਤ ਕਰੋ;
> ਫਿਰ ਆ ਕੇ ਮੈਨੂੰ ਕਹਿਓ ਕਿ ਮੈਂ ਅਪਵਿੱਤਰ ਹਾਂ!

ਰੋਯੇ ਹੈਸ਼ਨ ਨੇ ਇਕ ਅੰਗ੍ਰੇਜ਼ ਬਾਰੇ ਦੱਸਿਆ ਜੋ ਆਪਣੀ ਰੋਲਸ ਰੋਏਸ ਕਾਰ ਵਿਚ ਛੁੱਟੀਆਂ ਮਨਾਉਣ ਫ਼੍ਰਾਂਸ ਗਿਆ ਸੀ। ਇਕ ਦਿਨ ਉਸ ਨੂੰ ਇਕ ਖਰਾਬ ਸੜਕ 'ਤੇ ਜਾਣਾ ਪੈ ਗਿਆ ਜਿਸ ਕਾਰਨ ਉਸ ਦੀ ਕਾਰ ਦਾ ਪਿਛਲਾ ਐਕਸਲ ਟੁੱਟ ਗਿਆ। ਉਥੇ ਦੇ ਸਥਾਨਕ ਮਕੈਨਿਕ ਉਸ ਐਕਸਲ ਨੂੰ ਬਦਲ ਨਹੀਂ ਸਕੇ, ਪਰ ਜਦੋਂ ਇੰਗਲੈਂਡ ਵਿਚ ਕੰਪਨੀ ਨੂੰ ਫੋਨ ਕੀਤਾ ਗਿਆ ਤਾਂ ਉਨ੍ਹਾਂ ਨੇ ਇਕ ਨਵਾਂ ਐਕਸਲ ਉਥੋਂ ਭੇਜ ਦਿੱਤਾ ਅਤੇ ਨਾਲ ਦੋ ਮਕੈਨਿਕ ਵੀ ਭੇਜੇ ਕਿ ਆ ਕੇ ਉਸ ਨੂੰ ਬਦਲ ਦੇਣ। ਕਈ ਮਹੀਨਿਆਂ ਤਕ ਵੀ ਜਦੋਂ ਉਸ ਦੇ ਕੋਲ ਕੋਈ ਬਿਲ ਨਾ ਆਇਆ ਤਾਂ ਉਸ ਅੰਗ੍ਰੇਜ਼ ਨੇ ਕੰਪਨੀ ਨੂੰ ਚਿੱਠੀ ਲਿਖ ਕੇ ਉਸ ਸਾਰੀ ਘਟਨਾ ਨੂੰ ਮੁੜ ਬਿਆਨ ਕੀਤਾ ਅਤੇ ਉਨ੍ਹਾਂ ਤੋਂ ਬਿਲ ਮੰਗਿਆ। ਕੰਪਨੀ ਦਾ ਜਵਾਬ ਆਇਆ, "ਅਸੀਂ ਆਪਣੇ ਸਾਰੇ ਰਿਕਾਰਡ ਚੈੱਕ ਕਰ ਲਏ ਹਨ ਅਤੇ ਸਾਡੇ ਰਿਕਾਰਡ ਦੇ ਅਨੁਸਾਰ ਤਾਂ ਕਦੇ ਕਿਸੇ ਰੋਲਸ ਰੋਏਸ ਦਾ ਪਿਛਲਾ ਐਕਸਲ ਟੁੱਟਿਆ ਹੀ ਨਹੀਂ ਹੈ।" ਮਸੀਹ ਦੇ ਵਿਸ਼ਵਾਸੀਆਂ ਨਾਲ ਵੀ ਅਜਿਹਾ ਹੀ ਕੁਝ ਹੁੰਦਾ ਹੈ। ਜੇਕਰ ਅਸੀਂ ਦੋਸ਼ ਅਤੇ ਹਰਜਾਨੇ ਦੀ ਗੱਲ ਕਰੀਏ ਤਾਂ ਫਿਰ ਭਾਵੇਂ ਪਰਮੇਸ਼ਰ ਆਪਣੇ ਸਾਰੇ ਰਿਕਾਰਡ ਚੰਗੀ ਤਰ੍ਹਾਂ ਵੀ ਚੈੱਕ ਲਵੇ ਤਾਂ ਵੀ ਉਸ ਨੂੰ ਵਿਸ਼ਵਾਸੀਆਂ ਵਿਚ ਕੋਈ ਪਾਪ ਦਾ ਨਿਸ਼ਾਨ ਤਕ ਨਹੀਂ ਮਿਲੇਗਾ।

*ਸ਼ੁੱਧ ਕੀਤੇ ਜਾਂਦੇ ਹਨ।*[48] ਸ਼ੁੱਧੀਕਰਨ ਇਕ ਸੈਧਾਂਤਿਕ ਚਮਤਕਾਰ ਹੈ, ਜਿਸ ਦਾ ਅਰਥ ਇਹ ਹੈ ਕਿ ਪਰਮੇਸ਼ਰ ਵਿਸ਼ਵਾਸੀਆਂ ਨੂੰ ਪਾਪ ਅਤੇ ਇਸ ਸੰਸਾਰ ਤੋਂ ਵੱਖਰਾ ਕਰਕੇ ਆਪਣੇ ਲਈ ਚੁਣ ਲੈਂਦਾ ਹੈ। ਜਦੋਂ ਤਕ ਉਹ ਮੁਕਤੀ ਵਿਚ ਰਹਿਣਗੇ ਉਹ ਸ਼ੁੱਧੀਕਰਨ ਵਿਚ ਵੀ ਬਣੇ ਰਹਿਣਗੇ। ਫਿਰ ਉਨ੍ਹਾਂ ਨੂੰ ਉਨ੍ਹਾਂ ਦੀ ਇਸੇ ਅਵਸਥਾ ਦੇ ਅਨੁਸਾਰ ਪਵਿੱਤਰਤਾ ਵਿਚ ਜਿਉਣਾ ਸਿਖਾਇਆ ਜਾਂਦਾ ਹੈ। ਪਰ ਇਸ ਕੰਮ ਨੂੰ ਸੰਪੂਰਨਤਾ ਸਵਰਗ ਵਿਚ ਹੀ ਮਿਲੇਗੀ।

*ਮਸੀਹ ਤੋਂ ਸੇਵਾ ਪ੍ਰਾਪਤ ਕਰਦੇ ਹਨ।*[49] ਇਕ ਮਹਾਨ ਮਹਾਂਜਾਜਕ, ਮਧਿਅਸਥ, ਵਕੀਲ ਅਤੇ ਮਦਦਗਾਰ ਵੱਜੋਂ ਉਹ ਕਿਰਪਾ, ਦਿਲਾਸਾ ਅਤੇ ਹੱਲਾਸ਼ੇਰੀ ਦਿੰਦਾ ਹੈ। ਉਹ ਆਪਣਿਆਂ ਲੋਕਾਂ ਲਈ ਮਧਿਅਸਥੀ ਕਰਦਾ ਹੈ। ਜਦੋਂ ਉਹ ਪਾਪ ਕਰ ਬੈਠਦੇ ਹਨ, ਉਦੋਂ ਉਹ ਉਨ੍ਹਾਂ ਨੂੰ ਆਪਣੀ ਸੰਗਤੀ ਵਿਚ ਵਾਪਸ ਲਿਆਉਣ ਲਈ ਆਪਣਾ ਕੰਮ ਸ਼ੁਰੂ ਕਰ ਦਿੰਦਾ ਹੈ। ਦਿਨ-

ਰਾਤ ਉਹ ਸ਼ੈਤਾਨ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਵਿਰੁੱਧ ਬੇਨਤੀਆਂ ਕਰਦਾ ਰਹਿੰਦਾ ਹੈ।

*ਪਵਿੱਤਰ ਆਤਮਾ ਉਨ੍ਹਾਂ ਵਿਚ ਵਾਸ ਕਰਨਾ ਸ਼ੁਰੂ ਕਰ ਦਿੰਦਾ ਹੈ।*[50] ਤ੍ਰਿਏਕਤਾ ਦਾ ਤੀਜਾ ਵਿਅਕਤੀ ਪਰਮੇਸ਼ਰ ਦੀ ਸੰਤਾਨ ਦੇ ਨਵੇਂ ਜਨਮ ਵੇਲੇ ਉਨ੍ਹਾਂ ਦੇ ਅੰਦਰ ਨਿਵਾਸ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹ ਹੈਰਾਨੀਜਨਕ ਹੈ ਪਰ ਸੱਚ ਹੈ ਕਿ ਹੁਣ ਇਹ ਨਿਤਾਣਾ ਜਿਹਾ ਮਨੁੱਖੀ ਸਰੀਰ ਪਵਿੱਤਰ ਆਤਮਾ ਦਾ ਮੰਦਰ ਬਣ ਜਾਂਦਾ ਹੈ। ਪਵਿੱਤਰ ਆਤਮਾ ਪਵਿੱਤਰਤਾ, ਅਰਾਧਨਾ ਅਤੇ ਸੇਵਾ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਪਰਮੇਸ਼ਰ ਦੇ ਸੰਤਾਂ ਦੇ ਚਰਿੱਤਰ ਵਿਚ ਆਉਣ ਵਾਲੇ ਉੱਘੇ ਬਦਲਾਵਾਂ ਦਾ ਸਬੱਬ ਇਹੋ ਪਵਿੱਤਰ ਆਤਮਾ ਹੈ।

*ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਦੇ ਹਨ।*[51] ਪਵਿੱਤਰ ਆਤਮਾ ਦੀ ਇਹ ਸੇਵਾ ਤੋਬਾ ਕਰਨ ਵਾਲਿਆਂ ਅਤੇ ਮਸੀਹ ਉੱਤੇ ਵਿਸ਼ਵਾਸ ਕਰਨ ਵਾਲਿਆਂ ਨੂੰ ਉਸ ਦੀ ਦੇਹ ਦਾ ਮੈਂਬਰ ਬਣਾ ਦਿੰਦੀ ਹੈ। ਮੁਕਤੀ ਪ੍ਰਾਪਰ ਕਰਨ ਵੇਲੇ ਹੀ ਵਿਸ਼ਵਾਸੀਆਂ ਨੂੰ ਇਸ ਧਰਤੀ ਦੀ ਸਭ ਤੋਂ ਸ਼ਾਨਦਾਰ ਸੰਗਤੀ ਅਰਥਾਤ ਕਲੀਸਿਆ ਦਾ ਮੈਂਬਰ ਬਣਨ ਦਾ ਵਿਲੱਖਣ ਸਨਮਾਨ ਪ੍ਰਾਪਤ ਹੁੰਦਾ ਹੈ। ਇਸ ਨਵੇਂ ਸਮਾਜ ਦਾ ਪ੍ਰਧਾਨ ਯਿਸੂ ਮਸੀਹ ਹੈ ਅਤੇ ਸਾਰੇ ਸੱਚੇ ਮਸੀਹੀ ਇਸ ਦੇ ਮੈਂਬਰ ਹਨ। ਮਸੀਹ ਪੈਰੋਕਾਰਾਂ ਨੂੰ ਉਸ ਦੇ ਨਾਲ ਅਤੇ ਆਪਸ ਵਿਚ ਇਕ ਦੂਜੇ ਨਾਲ ਜੋੜਨ ਵਾਲੇ ਇਸ ਨਜ਼ਦੀਕੀ ਸਬੰਧ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

*ਇਕ ਛਾਪ ਪ੍ਰਾਪਤ ਕਰ ਲੈਂਦੇ ਹਨ।*[52] ਉੱਪਰ ਲਿਖੀਆਂ ਗਈਆਂ ਪਵਿੱਤਰ ਆਤਮਾ ਦੀਆਂ ਸੇਵਾਵਾਂ ਤੋਂ ਇਲਾਵਾ ਉਸ ਨੂੰ ਇਕ ਛਾਪ ਵੱਜੋਂ ਵੀ ਭੇਜਿਆ ਗਿਆ ਹੈ, ਜੋ ਕਿ ਇਕ ਮਲਕੀਅਤ ਅਤੇ ਸਦੀਪਕ ਹਿਫ਼ਾਜ਼ਤ ਦਾ ਗਾਰੰਟੀ ਹੈ। ਮਸੀਹ ਦੇ ਲਹੂ ਨਾਲ ਖਰੀਦੇ ਗਏ ਹਰੇਕ ਵਿਸ਼ਵਾਸੀ ਉੱਤੇ ਇਹ ਛਾਪ ਲੱਗੀ ਹੋਈ ਹੈ।

*ਇਕ ਸਾਈ ਪ੍ਰਾਪਤ ਕਰ ਲੈਂਦੇ ਹਨ।*[53] ਜਦੋਂ ਕਿਸੇ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੀ ਸਾਰੀ ਮਿਲਖ, ਜਿਸ ਵਿਚ ਸਵਰਗੀ ਮਹਿਮਾ ਨਾਲ ਭਰਪੂਰ ਦੇਹ ਵੀ ਸ਼ਾਮਿਲ ਹੈ, ਉਸ ਨੂੰ ਮਿਲਣਾ ਸੁਨਿਸ਼ਚਿਤ ਹੋ ਜਾਂਦਾ ਹੈ। ਇਸ ਤਰ੍ਹਾਂ ਸਾਈ ਇਕ ਪੇਸ਼ਗੀ

ਅਰਥਾਤ ਜਮਾਨਤ ਹੁੰਦੀ ਹੈ। ਪਵਿੱਤਰ ਆਤਮਾ ਦੀ ਸਾਈ ਦਾ ਉਦਾਹਰਣ ਪੇਸ਼ ਕਰਨ ਲਈ ਕਦੇ-ਕਦੇ ਮੰਗਣੀ ਦੀ ਅੰਗੂਠੀ ਦਾ ਸਹਾਰਾ ਲਿਆ ਜਾਂਦਾ ਹੈ।

*ਮਸਹ ਪ੍ਰਾਪਤ ਕਰ ਲੈਂਦੇ ਹਨ।*[54] ਜਦੋਂ ਕੋਈ ਵਿਅਕਤੀ ਨਵਾਂ ਜਨਮ ਪ੍ਰਾਪਤ ਕਰਦਾ ਹੈ, ਉਦੋਂ ਪਵਿੱਤਰ ਆਤਮਾ ਉਸ ਨੂੰ ਇਕ ਮਸਹ ਵੱਜੋਂ ਮਿਲ ਜਾਂਦਾ ਹੈ। ਇਸ ਵਿਚ ਉਸ ਦੀਆਂ ਦੋ ਮਹੱਤਵਪੂਰਣ ਸੇਵਕਾਈਆਂ ਸ਼ਾਮਿਲ ਹਨ। ਪਹਿਲੀ ਹੈ ਪਵਿੱਤਰ ਆਤਮਾ ਦੀ ਉਪਦੇਸ਼ ਦੇਣ ਦੀ ਸੇਵਕਾਈ, ਜਿਸ ਦੇ ਸਦਕਾ ਨਵਾਂ ਜਨਮ ਪ੍ਰਾਪਤ ਕੀਤੇ ਹੋਏ ਨਵੇਂ ਲੋਕਾਂ ਨੂੰ ਸਹੀ ਅਤੇ ਗਲਤ ਵਿਚਕਾਰ ਅੰਤਰ ਕਰਨ ਵਿਚ ਮਦਦ ਮਿਲਦੀ ਹੈ। ਦੂਜੀ ਇਹ ਹੈ ਕਿ ਉਸ ਨੂੰ ਵਿਸ਼ੇਸ਼ ਤੌਰ 'ਤੇ ਸੇਵਾ ਕਰਨ ਦੀ ਬੁਲਾਹਟ ਮਿਲ ਜਾਂਦੀ ਹੈ, ਉਵੇਂ ਹੀ ਜਿਵੇਂ ਪੁਰਾਣੇ ਨੇਮ ਵਿਚ ਨਬੀ, ਜਾਜਕ ਅਤੇ ਰਾਜੇ ਹੁੰਦੇ ਸਨ।

*ਪ੍ਰਾਰਥਨਾ ਰਾਹੀਂ ਪਰਮੇਸ਼ਰ ਤਕ ਪਹੁੰਚ ਪ੍ਰਾਪਤ ਕਰ ਲੈਂਦੇ ਹਨ।*[55] ਇਹ ਕਿੰਨੀ ਅਦਭੁਤ ਕਰਾਮਾਤ ਹੈ — ਪਰਮੇਸ਼ਰ ਦੇ ਰਾਜ ਦੇ ਸਭ ਤੋਂ ਛੋਟੇ ਪ੍ਰਾਣੀ ਨੂੰ ਇਸ ਬ੍ਰਹਿਮੰਡ ਦੇ ਪਾਤਸ਼ਾਹ ਦੀ ਹਜ਼ੂਰੀ ਵਿਚ ਤੁਰੰਤ ਅਤੇ ਕਿਸੇ ਵੀ ਸਮੇਂ ਆਉਣ ਦੀ ਇਜਾਜ਼ਤ ਮਿਲ ਜਾਂਦੀ ਹੈ! ਵਿਸ਼ਵਾਸ ਰਾਹੀਂ ਉਹ ਧਰਤੀ ਤੋਂ ਪਰਮਪਵਿੱਤਰ ਸਥਾਨ ਅਰਥਾਤ ਪਰਮੇਸ਼ਰ ਦੇ ਸਵਰਗੀ ਸਿੰਘਾਸਣ ਦੇ ਸਾਹਮਣੇ ਚਲਿਆ ਜਾਂਦਾ ਹੈ, ਅਤੇ ਰਾਜਿਆਂ ਦੇ ਰਾਜੇ ਅਤੇ ਪ੍ਰਭੂਆਂ ਦੇ ਪ੍ਰਭੂ ਨਾਲ ਗੱਲਬਾਤ ਕਰਦਾ ਹੈ। ਇਹ ਸਨਮਾਨ ਸਸਤਾ ਨਹੀਂ ਹੈ, ਇਸ ਨੂੰ ਯਿਸੂ ਦੇ ਲਹੂ ਦੁਆਰਾ ਖਰੀਦਿਆ ਗਿਆ ਹੈ।[56]

ਮਸੀਹੀਆਂ ਦੇ ਪ੍ਰਾਰਥਨਾ ਜੀਵਨ ਨੂੰ ਵਧੇਰੇ ਸਜੀਵ ਬਣਾਉਣ ਲਈ ਕਲੇਯਰਵੌਕਸ ਦੇ ਬਰਨਾਰਡ ਨੇ ਕਈ ਸਦੀਆਂ ਪਹਿਲਾਂ ਇਹ ਸੁਝਾਅ ਦਿੱਤਾ:

ਪ੍ਰਾਰਥਨਾ ਇਵੇਂ ਕਰੋ ਜਿਵੇਂ ਕਿ ਤੁਸੀਂ ਉਤਾਹਾਂ ਚੁੱਕ ਲਏ ਗਏ ਹੋ ਅਤੇ ਉਸ ਦੇ ਸਿੰਘਾਸਣ ਦੇ ਸਾਹਮਣੇ ਉਸ ਦੀ ਹਜ਼ੂਰੀ ਵਿਚ ਖੜ੍ਹੇ ਹੋ, ਜਿਥੇ ਹਜਾਰਾਂ-ਲੱਖਾਂ ਦੂਤ ਉਸ ਦੀ ਅਰਾਧਨਾ ਕਰ ਰਹੇ ਹਨ।

*ਨਵੀਂ ਨਾਗਰਿਕਤਾ ਪ੍ਰਾਪਤ ਕਰ ਲੈਂਦੇ ਹਨ।*[57] ਮਨ ਪਰਿਵਰਤਨ ਹੋਣ ਦੇ ਨਾਲ ਹੀ ਨਾਗਰਿਕਤਾ ਵੀ ਬਦਲ ਜਾਂਦੀ ਹੈ — ਜ਼ਮੀਨੀ ਨਾਗਰਿਕਤਾ ਹੁਣ ਬਦਲ ਕੇ ਸਵਰਗੀ ਨਾਗਰਿਕਤਾ ਬਣ ਜਾਂਦੀ ਹੈ। ਧਰਤੀ ਦੇ

ਵਸਨੀਕ ਹੁਣ ਇਥੇ ਬੇਗਾਨੇ, ਯਾਤਰੀ ਅਤੇ ਅਜਨਬੀ ਬਣ ਜਾਂਦੇ ਹਨ। ਉਨ੍ਹਾਂ ਨੂੰ ਇਕ ਨਵਾਂ ਪਾਤਸ਼ਾਹ ਮਿਲ ਜਾਂਦਾ ਹੈ ਅਤੇ ਉਹ ਹੁਣ ਉਚੇਰੇ ਨਿਯਮਾਂ ਦੀ ਪਾਲਣਾ ਕਰਦੇ ਹਨ, ਪਰ ਇਸ ਦੇ ਨਾਲ-ਨਾਲ ਉਹ ਮਨੁੱਖੀ ਅਧਿਕਾਰੀਆਂ ਦਾ ਸਨਮਾਨ ਵੀ ਕਰਦੇ ਹਨ ਅਤੇ ਸਥਾਨਕ ਨਿਯਮਾਂ ਦੀ ਪਾਲਣਾ ਵੀ ਕਰਦੇ ਹਨ, ਪਰ ਉਦੋਂ ਤਕ ਜਦੋਂ ਤਕ ਇਹ ਸਵਰਗੀ ਨਿਯਮਾਂ ਦੇ ਵਿਰੁੱਧ ਨਾ ਹੋ ਜਾਣ। ਉਨ੍ਹਾਂ ਦਾ "ਪੁਰਾਣਾ ਦੇਸ" ਹੁਣ ਵਿਨਾਸ਼ ਵੱਲ ਵੱਧ ਰਿਹਾ ਹੈ; ਜਦਕਿ ਉਨ੍ਹਾਂ ਨਵਾਂ ਦੇਸ ਸਦੀਪਕ ਹੈ।

*ਪਰਮੇਸ਼ਰ ਦੀ ਸੰਤਾਨ ਬਣ ਜਾਂਦੇ ਹਨ।*[58] ਮੁਕਤੀ ਦੇ ਨਾਲ ਹੀ ਸਾਡੇ ਮਾਪੇ ਵੀ ਬਦਲ ਜਾਂਦੇ ਹਨ। ਮੁਕਤੀ ਪ੍ਰਾਪਤ ਲੋਕਾਂ ਦੇ ਜਨਮ ਪ੍ਰਮਾਣ ਪੱਤਰ ਵਿਚ ਹੁਣ ਪਿਤਾ ਦੇ ਨਾਮ ਦੇ ਅੱਗੇ ਪਰਮੇਸ਼ਰ ਲਿਖਿਆ ਜਾ ਚੁੱਕਾ ਹੈ। ਜ਼ਰਾ ਸੋਚੋ — ਕਿਸੇ ਰਾਸ਼ਟਰਪਤੀ ਜਾਂ ਰਾਜਾ ਦੀ ਸੰਤਾਨ ਨਹੀਂ, ਸਗੋਂ ਇਸ ਬ੍ਰਹਿਮੰਡ ਦੇ ਸਿਰਜਣਹਾਰ ਅਤੇ ਪਾਲਣਹਾਰ ਦੀ ਸੰਤਾਨ। ਇਸ ਤੋਂ ਵੱਡਾ ਸਨਮਾਨ ਹੋਰ ਕੀ ਹੋ ਸਕਦਾ ਹੈ!

*ਪਰਮੇਸ਼ਰ ਦੇ ਪੁੱਤਰ ਬਣ ਜਾਂਦੇ ਹਨ।*[59] ਪੁਰਸ਼ ਅਤੇ ਇਸਤਰੀਆਂ ਇਸ ਰੱਬੀ ਪਰਿਵਾਰ ਵਿਚ ਬਾਲਗ ਵਿਅਕਤੀਆਂ ਵਾਂਗ ਸ਼ਾਮਿਲ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਾਲਗ ਵਿਅਕਤੀਆਂ ਵਰਗੀਆਂ ਸਹੂਲਤਾਂ ਅਤੇ ਜਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਨਾਲ ਬੱਚਿਆਂ ਵਰਗਾ ਵਿਹਾਰ ਨਹੀਂ ਕੀਤਾ ਜਾਂਦਾ ਜਿਨ੍ਹਾਂ ਨੂੰ ਕਨੂੰਨੀ ਬੰਧਨਾਂ ਵਿਚ ਰਹਿਣਾ ਪੈਂਦਾ ਹੈ, ਸਗੋਂ ਉਨ੍ਹਾਂ ਨੂੰ ਤਾਂ ਧੀਆਂ ਅਤੇ ਪੁੱਤਰਾਂ ਵਰਗੀ ਅਜ਼ਾਦੀ ਦਿੱਤੀ ਜਾਂਦੀ ਹੈ।

*ਪਰਮੇਸ਼ਰ ਦੇ ਵਾਰਸ*[60] ਅਤੇ ਯਿਸੂ ਮਸੀਹ ਦੇ ਸੰਗੀ ਵਾਰਸ ਬਣ ਜਾਂਦੇ ਹਨ। ਇਹ ਸਿਰਲੇਖ ਆਪਣਾ ਅਰਥ ਆਪ ਹੀ ਸਪਸ਼ਟ ਕਰ ਦਿੰਦਾ ਹੈ, ਪਰ ਫਿਰ ਵੀ ਸਾਡੀਆਂ ਨਜ਼ਰਾਂ ਇਸ ਦੀ ਡੂੰਘਿਆਈ ਨੂੰ ਵੇਖ ਨਹੀਂ ਪਾਉਂਦੀਆਂ। ਪਰਮੇਸ਼ਰ ਪਿਤਾ ਅਤੇ ਉਸ ਦੇ ਪੁੱਤਰ ਦੀ ਸੰਤਾਨ ਦੀ ਦੌਲਤ ਨੂੰ ਕੌਣ ਮਾਪ ਸਕਦਾ ਹੈ? ਇਸ ਦਾ ਕੁੱਲ ਯੋਗ ਤਾਂ ਬਹੁਤ ਹੀ ਵੱਡਾ ਹੋ ਜਾਵੇਗਾ। ਪਰ ਫਿਰ ਵੀ ਪ੍ਰਭੂ ਨੂੰ ਪ੍ਰੇਮ ਕਰਨ ਵਾਲੇ ਹਰੇਕ ਵਿਅਕਤੀ ਨੂੰ ਮਿਲਣ ਵਾਲੀ ਮਿਲਖ ਦਾ ਮਾਪ ਇਹੋ ਹੈ।

*ਪਵਿੱਤਰ ਅਤੇ ਸ਼ਾਹੀ ਜਾਜਕ ਬਣ ਜਾਂਦੇ ਹਨ।*[61] ਪੁਰਾਣੇ ਨੇਮ ਵਿਚ

ਜਾਜਕ ਪਦ ਕੇਵਲ ਇਕੋ ਗੋਤਰ ਅਤੇ ਇਕੋ ਪਰਿਵਾਰ ਤਕ ਸੀਮਿਤ ਸੀ। ਪਰ ਨਵੇਂ ਨੇਮ ਵਿਚ ਸਾਰੇ ਵਿਸ਼ਵਾਸੀ ਜਾਜਕ ਹਨ। ਇਨ੍ਹਾਂ ਦੀ ਜਿੰਮੇਵਾਰੀ ਦੂਹਰੀ ਹੈ। ਪਹਿਲਾ, ਪਰਮੇਸ਼ਰ ਨੂੰ ਆਪਣਾ ਪ੍ਰੇਮ, ਆਪਣਾ ਜੀਵਨ, ਆਪਣੀ ਉਸਤਤ, ਆਪਣੀ ਧਨ-ਦੌਲਤ ਅਤੇ ਆਪਣੀ ਸੇਵਾ ਅਰਪਿਤ ਕਰਨਾ। ਦੂਜਾ, ਉਨ੍ਹਾਂ ਨੂੰ ਇਸ ਲਈ ਮਨੋਨੀਤ ਕੀਤਾ ਗਿਆ ਹੈ ਕਿ ਉਹ ਉਸ ਦਿਆਂ ਗੁਣਾਂ ਦਾ ਪਰਚਾਰ ਕਰਨ ਜਿਹ ਨੇ ਉਨ੍ਹਾਂ ਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ ਹੈ।

*ਹਦੋਂ ਵਧ ਫ਼ਤਹ ਪਾਉਂਦੇ ਹਨ।*[62] ਕੋਈ ਵਿਅਕਤੀ ਹੱਦੋਂ ਵਧ ਫ਼ਤਹ ਕਿਵੇਂ ਪ੍ਰਾਪਤ ਕਰ ਸਕਦਾ ਹੈ? ਉਹ ਜਾਂ ਤਾਂ ਫ਼ਤਹ ਪਾਉਂਦਾ ਹੈ ਜਾਂ ਹਾਰਦਾ ਹੈ, ਪਰ ਉਹ ਹੱਦੋਂ ਵਧ ਫ਼ਤਹ ਕਿਵੇਂ ਪ੍ਰਾਪਤ ਕਰ ਸਕਦਾ ਹੈ? ਇਥੇ ਕਹਿਣਾ ਦਾ ਭਾਵ ਇਹ ਹੈ ਕਿ ਵਿਸ਼ਵਾਸੀ ਪਹਿਲਾਂ ਤੋਂ ਹੀ ਜਿੱਤੇ ਹੋਏ ਹਨ, ਫਿਰ ਭਾਵੇਂ ਉਹ ਘਮਸਾਣ ਯੁੱਧ ਦੇ ਵਿਚਾਲੇ ਹੀ ਕਿਉਂ ਨਾ ਹੋਣ। ਨਤੀਜਾ ਨਿਰਧਾਰਿਤ ਹੈ। ਉਹ ਜਿੱਤੇ ਹੋਏ ਦਲ ਦਾ ਹਿੱਸਾ ਹਨ। ਕਿਸੇ-ਕਿਸੇ ਸਮੇਂ ਅਜਿਹਾ ਜਾਪ ਸਕਦਾ ਹੈ ਕਿ ਲਹਿਰਾਂ ਉਨ੍ਹਾਂ ਦੇ ਵਿਰੁੱਧ ਹਨ ਪਰ ਅੰਤ ਵਿਚ ਜਿੱਤ ਤਾਂ ਜਵਾਰਭਾਟੇ ਦੀ ਹੀ ਹੁੰਦੀ ਹੈ।

*ਉਸ ਦੇ ਸਵਰੂਪ ਵਿਚ ਢਲ ਜਾਣ ਲਈ ਮਨੋਨੀਤ ਕੀਤੇ ਜਾਂਦੇ ਹਨ।*[63] — ਕਿ ਉਸ ਦੀ ਬੇਦਾਗ਼ ਦੁਲਹਨ ਸਾਰੀ ਸਦੀਪਕਤਾ ਲਈ ਉਸ ਦੇ ਨਾਲ ਰਹੇ। ਡਾਰਬੀ ਇਸ ਨੂੰ — ਪ੍ਰਭੂ ਦੇ ਨੈਤਿਕ ਅਤੇ ਆਤਮਕ ਸਵਰੂਪ ਵਿਚ ਢਲ ਜਾਣ ਨੂੰ — "ਸਭਨਾਂ ਵਿਚਾਰਾਂ ਨਾਲੋਂ ਅਗਾਹਾਂ ਦਾ ਵਿਚਾਰ" ਆਖਦੇ ਹਨ। ਹੈਰਤ ਵਿਚ ਪੈ ਕੇ ਉਨ੍ਹਾਂ ਨੇ ਪੁੱਛਿਆ:

> ਕੀ ਇਹ ਸੱਚ ਹੈ — ਕੀ ਮੈਂ ਪਰਮੇਸ਼ਰ ਦੇ ਪੁੱਤਰ ਵਰਗਾ ਬਣ ਜਾਵਾਂਗਾ?
> ਕੀ ਉਸ ਨੇ ਮੇਰੇ ਉੱਤੇ ਇਹੋ ਕਿਰਪਾ ਕੀਤੀ ਹੈ?
> ਜਲਾਲੀ ਪਿਤਾ ਨੇ, (ਸਭਨਾਂ ਵਿਚਾਰਾਂ ਤੋਂ ਅਗਾਹਾਂ ਦਾ ਵਿਚਾਰ!)
> ਮੈਨੂੰ ਉਸ ਦੇ ਮੁਬਾਰਕ ਸਵਰੂਪ ਵਿਚ ਲਿਆ ਕੇ ਮਹਿਮਾ ਦਿੱਤੀ ਹੈ!

ਸਾਰ ਇਹ ਹੈ ਕਿ *ਉਸ ਨੇ ਸਾਨੂੰ ਮਸੀਹ ਵਿਚ ਸੁਰਗੀ ਥਾਵਾਂ ਵਿਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਬਰਕਤ ਦਿੱਤੀ ਹੈ।*[64] ਜਿਵੇਂ ਕਿ ਪਰਮੇਸ਼ਰ ਦੇ ਇਕ ਮਿੱਤਰ ਨੇ ਆਖਿਆ, "ਆਓ ਇਥੇ ਰੁਕੀਏ ਅਤੇ

ਅਰਾਧਨਾ ਕਰੀਏ। ਘੱਟੋ-ਘੱਟ ਮੈਂ ਤਾਂ ਅਜਿਹਾ ਕਰਾਂਗਾ ਹੀ; ਕਿਉਂਕਿ ਮੇਰੇ ਪ੍ਰਾਣਾਂ ਦੀਆਂ ਅੱਖਾਂ ਦੁਖ ਰਹੀਆਂ ਹਨ, ਜਿਵੇਂ ਕਿ ਮੈਂ ਬੜੇ ਚਿਰ ਤੋਂ ਸੂਰਜ ਉੱਤੇ ਟਕਟਕੀ ਲਾਈ ਬੈਠਾ ਸਾਂ।"[65] ਅਤੇ ਜੇਕਰ ਜੇਨ ਔਸਟਨ ਦੇ ਇਕ ਕਿਰਦਾਰ ਦੇ ਸ਼ਬਦਾਂ ਅਨੁਸਾਰ ਆਖੀਏ, ਤਾਂ ਵਿਸ਼ਵਾਸੀਆਂ ਨੂੰ ਸਿੱਖਣਾ ਪਵੇਗਾ ਕਿ ਉਹ ਉਸ ਤੋਂ ਵਧੇਰੇ ਖੁਸ਼ੀ ਨੂੰ ਕਿਵੇਂ ਸੰਭਾਲਣ ਜਿਸ ਦੇ ਉਹ ਅਸਲ ਹੱਕਦਾਰ ਹਨ।[66]

## ਅਧਿਕਤਮ ਕਿਰਪਾ

ਦਰਅਸਲ ਮਸੀਹ ਵਿਚ ਵਿਸ਼ਵਾਸੀ ਬਿਹਤਰ ਹਨ ਬਜਾਏ ਇਸ ਦੇ ਕਿ ਪਾਪ ਇਥੇ ਕਦੇ ਆਇਆ ਹੀ ਨਾ ਹੁੰਦਾ। ਦੂਜੇ ਸ਼ਬਦਾਂ ਵਿਚ, ਉਹ ਮਸੀਹ ਵਿਚ ਬਿਹਤਰ ਹਨ ਬਜਾਏ ਇਸ ਦੇ ਕਿ ਉਹ ਪਤਨ ਤੋਂ ਪਹਿਲਾਂ ਦੇ ਆਦਮ ਹੀ ਰਹਿੰਦੇ। ਇਹ ਦੋਹਾ ਬਿਲਕੁਲ ਸੱਚ ਹੈ:

> ਮਸੀਹ ਵਿਚ ਆਦਮ ਦੀ ਸੰਤਾਨ ਮਾਣ ਕਰਦੀ ਹੈ
> ਆਪਣੇ ਪਿਤਾ ਦੁਆਰਾ ਗੁਆਈਆਂ ਬਰਕਤਾਂ ਨਾਲੋਂ ਵਧੇਰੇ ਪ੍ਰਾਪਤ ਕਰਦੀ ਹੈ।

ਆਪਣੀ ਅਸਲ ਬੇਗੁਨਾਹੀ ਵਿਚ ਆਦਮ ਨੂੰ ਪਿਆਰੇ ਪੁੱਤਰ ਵਿਚ ਕਬੂਲ ਕੀਤੇ ਜਾਣ ਦੀ ਜਾਂ ਮਸੀਹ ਵਿਚ ਸਿੱਧ ਬਣਾਏ ਜਾਣ ਦੀ ਕੋਈ ਲੋੜ ਹੀ ਨਹੀਂ ਸੀ। ਉਹ ਪਰਮੇਸ਼ਰ ਦਾ ਪੁੱਤਰ ਕਦੇ ਵੀ ਨਹੀਂ ਸੀ ਬਣ ਸਕਦਾ। ਉਸ ਦੇ ਕੋਲ ਸਵਰਗ ਵਿਚ ਆਪਣੇ ਘਰ ਦੀ ਜਾਂ ਮਸੀਹ ਦੇ ਸਵਰੂਪ ਵਿਚ ਢਾਲੇ ਜਾਣ ਦੀ ਕੋਈ ਆਸ ਹੀ ਨਹੀਂ ਹੋਣੀ ਸੀ। ਉਹ ਉੱਪਰ ਲਿਖੀਆਂ ਹੋਈਆਂ ਬਰਕਤਾਂ ਦਾ ਅਨੰਦ ਕਦੇ ਵੀ ਨਹੀਂ ਮਾਣ ਸਕਦਾ ਸੀ।

ਜਦੋਂ ਤਕ ਉਸ ਨੇ ਪਾਪ ਨਹੀਂ ਸੀ ਕੀਤਾ ਉਦੋਂ ਤਕ ਉਸ ਦੇ ਕੋਲ ਇਸ ਧਰਤੀ ਉੱਤੇ ਸਦਾ ਚਲਦੀ ਰਹਿਣ ਵਾਲੀ ਇਕ ਜ਼ਿੰਦਗੀ ਦੀ ਗਾਰੰਟੀ ਸੀ। ਪਰ ਉਸ ਨੂੰ ਮਸੀਹ ਦਾ ਜੀਵਨ ਨਹੀਂ ਮਿਲ ਸਕਦਾ ਸੀ। ਉਸ ਦੇ ਅੰਦਰ ਪਵਿੱਤਰ ਆਤਮਾ ਦੀ ਚਿਰਸਥਾਈ ਹਜ਼ੂਰੀ ਕਦੇ ਵੀ ਨਹੀਂ ਆ ਸਕਦੀ ਸੀ। ਉਹ ਕਿਰਪਾ ਦੁਆਰਾ ਬਚਾਏ ਗਏ ਪਾਪੀ ਨੂੰ ਮਿਲਣ ਵਾਲੀਆਂ ਬਰਕਤਾਂ ਦਾ ਅਨੰਦ ਕਦੇ ਵੀ ਨਹੀਂ ਮਾਣ ਸਕਦਾ ਸੀ।

ਅਤੇ ਇਹ ਡਰਾਉਣੀ ਸੰਭਾਵਨਾ ਵੀ ਹਰ ਵੇਲੇ ਮੌਜੂਦ ਸੀ ਕਿ ਉਹ ਪਾਪ ਵਿਚ ਡਿੱਗਣ ਤੋਂ ਬਾਦ ਸਦਾਕਾਲ ਲਈ ਦੋਸ਼ੀ ਹੀ ਰਹਿ ਜਾਂਦਾ। ਮੌਤ ਦਾ ਡਰ ਆਦਮ ਅਤੇ ਹੱਵਾ ਦੇ ਸਿਰ ਉੱਤੇ ਲਟਕ ਰਹੀ ਤਲਵਾਰ ਵਾਂਗ ਹਮੇਸ਼ਾ ਉਨ੍ਹਾਂ ਉੱਤੇ ਸੀ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਆਦਮ ਨੇ ਪਾਪ ਕੀਤਾ ਅਤੇ ਉਸ ਦੇ ਪਾਪ ਸਦਕਾ ਦੁਖ, ਸੰਤਾਪ ਅਤੇ ਮੌਤ ਦਾ ਜਿਵੇਂ ਤੂਫ਼ਾਨ ਜਿਹਾ ਹੀ ਆ ਗਿਆ ਸੀ। ਪਰ ਮੁਕਤੀ ਦਾ ਰਾਹ ਦਿਖਾਉਣ ਲਈ ਅਤੇ ਵਿਸ਼ਵਾਸੀਆਂ ਨੂੰ ਮਨੁੱਖੀ ਕਲਪਨਾ ਤੋਂ ਕਿਤੇ ਵਧ ਕੇ ਬਰਕਤਾਂ ਦੇਣ ਲਈ ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਘੱਲ ਦਿੱਤਾ। ਇਸੇ ਲਈ ਮਾਫ਼ੀ ਪ੍ਰਾਪਤ ਪਾਪੀ ਬਿਹਤਰ ਹਨ ਬਜਾਏ ਇਸ ਦੇ ਕਿ ਉਹ ਪਾਪ ਕਦੇ ਵੀ ਨਾ ਕਰਦੇ। "...ਪਾਪ ਬਾਹਲਾ ਹੋਇਆ [ਪਰ] ਕਿਰਪਾ ਵੀ ਅੱਤ ਵਧੀਕ ਹੋਈ।"[67]

ਪਰਮੇਸ਼ਰ ਦੀ ਮਿਹਰ ਦਾ ਅਰਥ ਇਹ ਹੈ ਕਿ ਸਾਡੇ ਉੱਤੇ ਸ਼ੁਰੂ ਤੋਂ ਲੈ ਕੇ ਅੰਤ ਤਕ ਕਿਰਪਾ ਹੋਈ ਹੈ, ਅਜਿਹੀ ਕਿਰਪਾ ਜਿਹੜੀ ਹੈਰਾਨੀਜਨਕ, ਅਨੋਖੀ, ਅਥਾਹ, ਭਰਪੂਰ ਅਤੇ ਸਾਰਿਆਂ ਪਾਪਾਂ ਤੋਂ ਕਿਤੇ ਮਹਾਨ ਹੈ।

# 6

# ਇਕ “ਖੁਸ਼ਖਬਰੀ” ਜਿਹੜੀ ਬੁਰੀ ਖਬਰ ਹੈ

ਇਕ ਹੋਰ ਤਰ੍ਹਾਂ ਦੀ ਖੁਸ਼ਖਬਰੀ ਵੀ ਹੁੰਦੀ ਹੈ, *ਗਲਤ* ਖੁਸ਼ਖਬਰੀ। ਦਰਅਸਲ ਇਹ ਖੁਸ਼ਖਬਰੀ ਬਿਲਕੁਲ ਵੀ ਨਹੀਂ ਹੈ, ਪਰ ਫਿਰ ਵੀ ਇਹ ਇਕ ਅਜਿਹਾ ਸੁਨੇਹਾ ਹੈ ਜਿਸ ’ਤੇ ਇਸ ਦੁਨੀਆ ਦੇ ਕਈ ਲੋਕ ਵਿਸ਼ਵਾਸ ਕਰੀ ਬੈਠੇ ਹਨ। ਇਹ ਆਖਦਾ ਹੈ ਕਿ ਕੇਵਲ ਚੰਗੇ ਲੋਕ ਹੀ ਸਵਰਗ ਵਿਚ ਜਾਣਗੇ। ਇਹ ਆਖਦਾ ਹੈ ਕਿ ਚੰਗੇ ਕੰਮ ਕਰਕੇ ਤੁਸੀਂ ਮੁਕਤੀ ਕਮਾ ਸਕਦੇ ਹੋ ਜਾਂ ਚੰਗੇ ਚਰਿੱਤਰ ਸਦਕਾ ਤੁਸੀਂ ਸਵਰਗ ਜਾਣ ਦੇ ਹੱਕਦਾਰ ਬਣ ਜਾਂਦੇ ਹੋ। ਦੁਨੀਆ ਦੇ ਜ਼ਿਆਦਾਤਰ ਧਰਮ ਕਿਸੇ ਨਾ ਕਿਸੇ ਰੂਪ ਵਿਚ ਇਹੋ ਸਿੱਖਿਆ ਦਿੰਦੇ ਹਨ। ਬਥੇਰਿਆਂ ਲੋਕਾਂ ਨੂੰ ਇਹ ਸਿੱਖਿਆ ਸਹੀ ਜਾਪਦੀ ਹੈ। ਪਰ ਬਾਈਬਲ ਆਖਦੀ ਹੈ ਕਿ ਇਨ੍ਹਾਂ ਸਭਨਾਂ ਗੱਲਾਂ ਦਾ ਅੰਤ ਮੌਤ ਹੈ ਅਰਥਾਤ ਪਰਮੇਸ਼ਰ ਤੋਂ ਸਦਾਕਾਲ ਦੀ ਜੁਦਾਈ।[68]

ਇਹ ਕੋਈ ਨਵੀਂ ਸਿੱਖਿਆ ਨਹੀਂ ਹੈ। ਦਰਅਸਲ ਇਸ ਦੀ ਸ਼ੁਰੂਆਤ ਤਾਂ ਅਦਨ ਦੇ ਬਾਗ ਵਿਚ ਹੀ ਹੋ ਗਈ ਸੀ। ਆਦਮ ਅਤੇ ਹੱਵਾ ਨੇ ਆਪਣੇ ਪਾਪ ਦੀ ਨੰਗੇਜ਼ ਨੂੰ ਹੰਜੀਰ ਦੇ ਪੱਤਿਆਂ ਨਾਲ ਕੱਜਣ ਦਾ ਜਤਨ ਕੀਤਾ। ਉਨ੍ਹਾਂ ਨੇ ਆਪਣੇ ਦੁਆਰਾ ਕੀਤੇ ਗਏ ਕਿਸੇ ਕੰਮ ਦੇ ਜਰੀਏ ਆਪਣੇ ਆਪ ਨੂੰ ਪਰਮੇਸ਼ਰ ਦੀ ਹਜ਼ੂਰੀ ਵਿਚ ਜਾਣ ਦੇ ਯੋਗ ਬਣਾਉਣ ਦਾ ਜਤਨ ਕੀਤਾ। ਪਰ ਪਰਮੇਸ਼ਰ ਨੇ ਉਨ੍ਹਾਂ ਨੂੰ ਦਰਸ਼ਾਇਆ ਕਿ ਉਨ੍ਹਾਂ ਦੀ ਇਹ ਗਲਤੀ ਬਹੁਤ ਵੱਡੀ ਸੀ। ਇਸ ਲਈ ਉਸ ਨੇ ਉਨ੍ਹਾਂ ਨੂੰ ਜਾਨਵਰਾਂ ਦੇ ਚਮੜੇ ਨਾਲ ਕੱਜ ਦਿੱਤਾ। ਅਜਿਹਾ ਕਰਨਾ ਲਈ ਜਾਨਵਰਾਂ ਨੂੰ ਮਰਨਾ ਪਿਆ। ਉਨ੍ਹਾਂ

ਦਾ ਲਹੂ ਵਹਾਇਆ ਗਿਆ। ਆਦਮ ਅਤੇ ਹੱਵਾ ਨੂੰ ਕੇਵਲ ਇੰਨਾ ਹੀ ਕਰਨਾ ਸੀ ਕਿ ਉਹ ਪਰਮੇਸ਼ਰ ਦੁਆਰਾ ਦਿੱਤੇ ਗਏ ਵਿਸ਼ਵਾਸ ਦੇ ਪ੍ਰਬੰਧ ਨੂੰ ਕਬੂਲ ਕਰਦੇ। ਪਰਮੇਸ਼ਰ ਉਨ੍ਹਾਂ ਨੂੰ ਸਿਖਾ ਰਿਹਾ ਸੀ ਕਿ ਪਾਪ ਮਨੁੱਖ ਨੂੰ ਪਰਮੇਸ਼ਰ ਤੋਂ ਜੁਦਾ ਕਰ ਦਿੰਦਾ ਹੈ, ਕਿ ਮਨੁੱਖ ਇਸ ਜੁਦਾਈ ਨੂੰ ਆਪ ਸਮਾਪਤ ਨਹੀਂ ਕਰ ਸਕਦਾ, ਅਤੇ ਪਾਪੀ ਮਨੁੱਖ ਪਰਮੇਸ਼ਰ ਕੋਲ ਕੇਵਲ ਉਦੋਂ ਹੀ ਆ ਸਕਦੇ ਸੀ ਜਦੋਂ ਉਨ੍ਹਾਂ ਦੀ ਥਾਂ ਕੋਈ ਹੋਰ ਕੁਰਬਾਨ ਹੁੰਦਾ ਅਤੇ ਉਸ ਦਾ ਲਹੂ ਵਹਾਇਆ ਜਾਂਦਾ।

ਕਇਨ ਆਪਣੇ ਮਾਪਿਆਂ ਦੀ ਗਲਤੀ ਤੋਂ ਸਿੱਖ ਸਕਦਾ ਸੀ। ਪਰ ਅਜਿਹਾ ਨਾ ਕਰਕੇ ਉਹ ਪਰਮੇਸ਼ਰ ਦੇ ਸਾਹਮਣੇ ਅਜਿਹੀ ਭੇਂਟ ਲੈ ਆਇਆ ਜਿਸ ਵਿਚ ਲਹੂ ਨਹੀਂ ਸੀ, ਅਜਿਹੀ ਭੇਂਟ ਜਿਸ ਵਿਚ ਉਸ ਦੀ ਆਪਣੀ ਮਿਹਨਤ ਲੱਗੀ ਸੀ। ਉਸ ਨੇ ਤਾਂ ਪਰਮੇਸ਼ਰ ਦੇ ਰਾਹ ਨੂੰ ਅਤੇ ਪਰਮੇਸ਼ਰ ਦੇ ਵਚਨ ਨੂੰ ਜਾਣਬੁੱਝ ਕੇ ਸਿੱਧਾ-ਸਿੱਧਾ ਹੀ ਠੁਕਰਾ ਦਿੱਤਾ ਸੀ। ਇਸ ਦੇ ਨਤੀਜੇ ਵੱਜੋਂ ਉਹ ਸਦਾਕਾਲ ਲਈ ਦੋਸ਼ੀ ਠਹਿਰਾਇਆ ਗਿਆ। ਗਲਤ ਖੁਸ਼ਖਬਰੀ ਸਹੀ *ਜਾਪਦੀ* ਹੈ, ਪਰ ਦਰਅਸਲ ਇਸ ਦਾ ਰਾਹ ਮੌਤ ਵੱਲ ਜਾਂਦਾ ਹੈ।

ਪਰ ਫਿਰ ਵੀ ਇੰਨੀਆਂ ਸਦੀਆਂ ਬੀਤ ਜਾਣ ਤੋਂ ਬਾਦ ਅੱਜ ਵੀ ਅਨੇਕਾਂ ਧਰਮਾਂ ਦੀ ਚੋਣ ਇਹੋ ਹੈ। ਜਦੋਂ ਅਮਰੀਕਾ ਦੇ ਰਾਸ਼ਟਰਪਤੀ ਦੇ ਦੂਜੇ ਨੰਬਰ ਦੇ ਕਨੂੰਨੀ ਸਲਾਹਕਾਰ ਦੀ ਮੌਤ ਹੋਈ ਤਾਂ ਉਨ੍ਹਾਂ ਦੇ ਆਖਿਆ, "ਮੈਂ ਦਿਲੋਂ ਆਸ ਕਰਦਾ ਹਾਂ ਕਿ...(ਉਸ ਦੀ) ਆਤਮਾ ਨੂੰ ਉਹ ਕਿਰਪਾ ਅਤੇ ਮੁਕਤੀ ਪ੍ਰਾਪਤ ਹੋਵੇ ਜਿਹੜੀ ਉਸ ਦੇ ਚੰਗੇ ਕੰਮਾਂ ਅਤੇ ਚੰਗੇ ਜੀਵਨ ਨੇ ਕਮਾਈ ਹੈ।"

ਇਕ ਉੱਘੇ ਪਾਸਬਾਨ ਨੂੰ, ਜਿਹੜਾ ਕਿ ਸਕਾਰਾਤਮਕ ਸੋਚ ਦੀ ਸ਼ਕਤੀ ਉੱਤੇ ਜ਼ੋਰ ਦੇਣ ਬਾਰੇ ਪ੍ਰਸਿੱਧ ਸੀ, ਇਹ ਆਖਦਿਆਂ ਸੁਣਿਆ ਗਿਆ, "ਕਿਉਂਕਿ ਸਾਡੀ ਸੋਚ ਚੰਗੀ ਹੈ ਅਤੇ ਸਾਡੇ ਕੰਮ ਚੰਗੇ ਹਨ ਇਸ ਲਈ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਰੇ ਮਨੁੱਖ ਸਵਰਗ ਵਿਚ ਜਾਣਗੇ।"

ਹੋ ਸਕਦਾ ਹੈ ਕਿ ਇਕ ਵਿਸ਼ਵਾਸਯੋਗ ਪ੍ਰਚਾਰਕ ਚਾਲੀ ਮਿੰਟ ਤਕ ਇਹ ਪ੍ਰਚਾਰ ਕਰਦਾ ਰਹੇ ਕਿ ਮੁਕਤੀ ਵਿਸ਼ਵਾਸ ਦੁਆਰਾ ਕਿਰਪਾ ਰਾਹੀਂ ਮਿਲਦੀ ਹੈ, ਕੰਮਾਂ ਰਾਹੀਂ ਨਹੀਂ। ਅਤੇ ਪ੍ਰਚਾਰ ਦੇ ਅੰਤ ਵਿਚ ਜਦੋਂ ਉਹ

ਦਰਵਾਜ਼ੇ ਕੋਲ ਖੜ੍ਹਾ ਹੋ ਕੇ ਸੰਗਤ ਵਿਚੋਂ ਕਿਸੇ ਵਿਅਕਤੀ ਨੂੰ ਪੁੱਛਦਾ ਹੈ, "ਕੀ ਤੁਸੀਂ ਮੁਕਤੀ ਪ੍ਰਾਪਤ ਕਰ ਲਈ ਹੈ?" ਅਤੇ ਜੇਕਰ ਉਹ ਵਿਅਕਤੀ ਇਹ ਜਵਾਬ ਦਿੰਦਾ ਹੈ ਤਾਂ ਕਿਹੋ ਜਿਹਾ ਲੱਗੇਗਾ, "ਮੈਂ ਭਰਪੂਰ ਜਤਨ ਕਰ ਰਿਹਾ ਹਾਂ।"

ਇਕ ਮਸੀਹੀ ਨੇ ਆਪਣੇ ਇਕ ਨਵੇਂ ਮਿੱਤਰ ਨੂੰ ਪੁੱਛਿਆ, "ਕੀ ਤੁਸੀਂ ਮੁਕਤੀ ਪ੍ਰਾਪਤ ਕਰ ਲਈ ਹੈ?" ਉਸ ਮਿੱਤਰ ਨੇ ਜਵਾਬ ਦਿੱਤਾ, "ਇਹ ਤਾਂ ਕਿਸੇ ਨੂੰ ਵੀ ਪੱਕੇ ਤੌਰ 'ਤੇ ਨਹੀਂ ਪਤਾ ਹੈ।" ਉਸ ਨੇ ਇਹ ਸਿਆਣ ਲਿਆ ਸੀ ਕਿ ਜੇਕਰ ਮੁਕਤੀ ਚਰਿੱਤਰ ਜਾਂ ਕੰਮਾਂ ਸਦਕਾ ਮਿਲਦੀ ਹੁੰਦੀ ਤਾਂ ਕੋਈ ਵੀ ਇਹ ਪੱਕੇ ਤੌਰ 'ਤੇ ਨਹੀਂ ਆਖ ਸਕਦਾ ਕੀ ਉਹ ਮੁਕਤੀ ਪ੍ਰਾਪਤ ਕਰਨ ਦੇ ਲਾਇਕ ਹੋ ਸਕੇਗਾ ਜਾਂ ਨਹੀਂ। ਇਹ ਟੀਚਾ ਬਹੁਤ ਹੀ ਅਨਿਸ਼ਚਿਤ ਅਤੇ ਭਰਮਾਉਣ ਵਾਲਾ ਹੈ।

ਕੰਮਾਂ ਸਦਕਾ ਮੁਕਤੀ ਪ੍ਰਾਪਤ ਕਰਨ ਦੀ ਧਾਰਨਾ ਮਨੁੱਖੀ ਦਿਮਾਗ ਵਿਚ ਇਸ ਕਦਰ ਘਰ ਕਰ ਚੁੱਕੀ ਹੈ ਕਿ ਇਸ ਨੂੰ ਕੱਢਣ ਲਈ ਪਵਿੱਤਰ ਆਤਮਾ ਦੇ ਅਲੌਕਿਕ ਦਖਲ ਦੀ ਲੋੜ ਪੈਂਦੀ ਹੈ। ਲੋਕ ਇਹੋ ਵਿਸ਼ਵਾਸ ਕਰਨਾ ਚਾਹੁੰਦੇ ਹਨ ਕਿ ਉਹ ਆਪਣੀ ਮੁਕਤੀ ਆਪ ਕਰਵਾ ਸਕਦੇ ਹਨ ਜਾਂ ਘੱਟੋ-ਘੱਟ ਆਪਣੀ ਮੁਕਤੀ ਵਿਚ ਕੁਝ ਯੋਗਦਾਨ ਦੇ ਸਕਦੇ ਹਨ। ਇਹ ਸੋਚ ਹੰਕਾਰ ਨੂੰ ਜਨਮ ਦਿੰਦੀ ਹੈ। ਉਹ ਇਹ ਸੋਚਣਾ ਹੀ ਨਹੀਂ ਚਾਹੁੰਦੇ ਕਿ ਉਹ ਆਪ ਕਿਰਪਾ ਜਾਂ ਉਨ੍ਹਾਂ ਦਿਆਂ ਆਪਣਿਆਂ ਸ਼ਬਦਾਂ ਵਿਚ ਉਹ ਅਜਿਹੀ "ਮਿਹਰਬਾਨੀ" ਦੇ ਲਾਇਕ ਪਾਤਰ ਹੈ ਹੀ ਨਹੀਂ ਹਨ। ਇਹ ਸੋਚਣਾ ਉਨ੍ਹਾਂ ਲਈ ਨਾਗਵਾਰ ਹੈ ਕਿ ਉਹ ਆਪਣੇ ਆਪ ਨੂੰ ਸਵਰਗ ਜਾਣ ਦੇ ਲਾਇਕ ਪਾਤਰ ਨਹੀਂ ਬਣਾ ਸਕਦੇ।

ਇਸ ਲਈ ਉਹ ਚੰਗਿਆਂ ਕੰਮਾਂ ਜਾਂ ਚੰਗੇ ਚਰਿੱਤਰ ਸਦਕਾ ਮੁਕਤੀ ਪ੍ਰਾਪਤ ਕਰਨ ਦੀ ਸੋਚ ਨੂੰ ਬੜੇ ਹੀ ਢੀਠਪੁਣੇ ਨਾਲ ਫੜੀ ਰੱਖਦੇ ਹਨ। ਇਥੋਂ ਤਕ ਕਿ ਕਈ ਲੋਕ ਕਿਰਪਾ ਰਾਹੀਂ ਸੱਚਮੁੱਚ ਮੁਕਤੀ ਪ੍ਰਾਪਤ ਕਰ ਲੈਣ ਤੋਂ ਬਾਦ ਵੀ ਵਾਪਸ ਉਸ ਸੋਚ ਵਿਚ ਚਲੇ ਜਾਂਦੇ ਹਨ ਕਿ ਆਪਣੀ ਮੁਕਤੀ ਨੂੰ ਸੁਰੱਖਿਅਤ ਰੱਖਣ ਲਈ ਹੁਣ ਉਨ੍ਹਾਂ ਨੂੰ ਚੰਗੇ ਕੰਮ ਕਰਦੇ ਰਹਿਣਾ ਪਵੇਗਾ। ਅੱਜ ਦੀ ਕਲੀਸਿਆ ਇਸ ਪੁੱਠੀ ਸਿੱਖਿਆ ਦੇ ਖਮੀਰ ਨਾਲ ਭਰ ਚੁੱਕੀ ਹੈ।

ਅਜਿਹੀ ਗਲਤ ਖੁਸ਼ਖਬਰੀ ਨਾਲ ਜੁੜੇ ਕੁਝ ਸ਼ਬਦ ਹਨ: ਸ਼ਰਾ ਦੀ ਪਾਲਣਾ, ਚੰਗੇ ਕੰਮ, ਅਤੇ ਕਰਜ਼ਾ। ਕਹਿਣ ਦਾ ਭਾਵ ਇਹ ਹੈ ਕਿ ਜੇਕਰ ਕੋਈ ਪਾਪੀ ਸ਼ਰਾ ਦੀ ਪਾਲਣਾ ਕਰਦਾ ਹੈ ਜਾਂ ਆਪਣੇ ਆਪ ਨੂੰ ਕਾਬਲ ਠਹਿਰਾਉਣ ਲਈ ਚੰਗੇ ਕੰਮ ਕਰਦਾ ਹੈ ਤਾਂ ਪਰਮੇਸ਼ਰ ਉੱਤੇ ਇਹ ਕਰਜ਼ਾ ਚੜ੍ਹ ਜਾਂਦਾ ਹੈ ਕਿ ਉਹ ਇਸ ਪਾਪੀ ਨੂੰ ਮੁਕਤੀ ਪ੍ਰਦਾਨ ਕਰੇ। ਇਸ ਦਾ ਮੂਲ ਭਾਵ ਇਹ ਹੈ ਕਿ ਪਰਮੇਸ਼ਰ ਦੇ ਕੋਲ, ਜੋ ਕਿ ਨਿਆਂਕਾਰ ਹੈ, ਇਕ ਤਰਾਜੂ ਹੈ। ਉਹ ਇਸ ਤਰਾਜੂ ਦੇ ਇਕ ਪਾਸੇ ਉਸ ਵਿਅਕਤੀ ਦੇ ਚੰਗੇ ਕੰਮ ਧਰਦਾ ਹੈ ਅਤੇ ਦੂਜੇ ਪਾਸੇ ਬੁਰੇ ਕੰਮ। ਜਿਹੜਾ ਪਾਸਾ ਭਾਰਾ ਹੋਵੇਗਾ ਉਹੀ ਨਿਰਧਾਰਤ ਕਰੇਗਾ ਕਿ ਇਹ ਵਿਅਕਤੀ ਕਿੱਥੇ ਜਾਵੇਗਾ, ਸਵਰਗ ਵਿਚ ਜਾਂ ਨਰਕ ਵਿਚ। ਪਰ ਇਹ ਗੱਲ ਵੀ ਹੈ ਕਿ ਉਸ ਵਿਅਕਤੀ ਨੂੰ ਆਪਣੀ ਮੌਤ ਤੋਂ ਪਹਿਲਾਂ ਇਹ ਕਦੇ ਵੀ ਪਤਾ ਨਹੀਂ ਚੱਲ ਸਕਦਾ ਕਿ ਤਰਾਜੂ ਦਾ ਕਿਹੜਾ ਪਾਸਾ ਭਾਰਾ ਹੋਵੇਗਾ।

ਕਿਰਪਾ ਅਜਿਹੀ ਨਹੀਂ ਹੁੰਦੀ। ਕਿਰਪਾ ਅਤੇ ਕੰਮ ਦੋਵੇਂ ਹੀ ਇਕ ਦੂਜੇ ਦੇ ਵਿਰੋਧੀ ਹਨ। ਜਿਵੇਂ ਹੀ ਤੁਸੀਂ ਇਨ੍ਹਾਂ ਦੋਹਾਂ ਨੂੰ ਮਿਲਾਉਣ ਦਾ ਜਤਨ ਕਰਦੇ ਹੋ, ਉਸੇ ਵੇਲੇ ਕਿਰਪਾ ਸਮਾਪਤ ਹੋ ਜਾਂਦੀ ਹੈ।[69] ਉਦਾਹਰਣ ਵੱਜੋਂ, ਇਹ ਕਹਿਣਾ ਕਿਰਪਾ ਨਹੀਂ ਹੈ ਕਿ ਅਸੀਂ ਮਸੀਹੀ ਜੀਵਨ ਜਿਉਣ ਸਦਕਾ ਮੁਕਤੀ ਪ੍ਰਾਪਤ ਕੀਤੀ ਹੈ। ਇਹ ਕਹਿਣਾ ਕਿਰਪਾ ਨਹੀਂ ਹੈ ਕਿ ਅਸੀਂ ਕਿਸੇ ਤਰ੍ਹਾਂ ਦੇ ਕੰਮ ਕਰਨ ਸਦਕਾ ਮੁਕਤੀ ਪ੍ਰਾਪਤ ਕੀਤੀ ਹੈ। ਅਤੇ ਨਾ ਹੀ ਇਹ ਕਹਿਣਾ ਕਿਰਪਾ ਹੈ ਕਿ ਅਸੀਂ ਵਿਸ਼ਵਾਸ ਦੇ ਨਾਲ-ਨਾਲ ਕੁਝ ਕੰਮ ਕਰਨ ਸਦਕਾ ਮੁਕਤੀ ਪ੍ਰਾਪਤ ਕੀਤੀ ਹੈ। ਇਹ ਆਖਣਾ ਕਿਰਪਾ ਹੈ ਕਿ ਅਸੀਂ ਵਿਸ਼ਵਾਸ ਦੁਆਰਾ ਮੁਕਤੀ ਪ੍ਰਾਪਤ ਕੀਤੀ ਹੈ, *ਹੋਰ ਕੁਝ ਨਹੀਂ।*

## ਧਨੀ ਪਰ ਉਦਾਸ ਨੌਜਵਾਨ ਅਧਿਕਾਰੀ

ਇਕ ਵਾਰ ਇਕ ਨੌਜਵਾਨ ਧਨੀ ਅਧਿਕਾਰੀ ਸੀ ਜਿਹੜਾ ਚੰਗੇ ਕੰਮਾਂ ਸਦਕਾ ਮੁਕਤੀ ਪ੍ਰਾਪਤ ਕਰਨ ਵਿਚ ਵਿਸ਼ਵਾਸ ਕਰਦਾ ਸੀ।[70] ਉਸ ਨੇ ਯਿਸੂ ਕੋਲ ਆ ਕੇ ਪੁੱਛਿਆ, "ਸਦੀਪਕ ਜੀਵਨ ਪ੍ਰਾਪਤ ਕਰਨ ਲਈ ਮੈਂ ਕਿਹੜੇ ਚੰਗੇ ਕੰਮ ਕਰਾਂ?" ਉਹ ਆਪਣੀ ਮੁਕਤੀ ਆਪ ਕਮਾਉਣਾ ਚਾਹੁੰਦਾ ਸੀ।

ਜਦੋਂ ਯਿਸੂ ਨੇ ਦਸ ਹੁਕਮਾਂ ਵਿਚ ਛੇ ਹੁਕਮਾਂ ਦਾ ਜ਼ਿਕਰ ਕਰਦਿਆਂ ਉਸ ਨੂੰ ਇਹ ਦਰਸ਼ਾਇਆ ਕਿ ਚੰਗੇ ਕੰਮਾਂ ਰਾਹੀਂ ਸਵਰਗ ਦੀ ਨਾਗਰਿਕਤਾ ਪ੍ਰਾਪਤ ਕਰਨਾ ਅਸੰਭਵ ਹੈ ਤਾਂ ਉਸ ਨੌਜਵਾਨ ਨੇ ਬੜੇ ਹੀ ਹੰਕਾਰੀ ਲਹਿਜ਼ੇ ਵਿਚ ਜਵਾਬ ਦਿੱਤਾ ਕਿ ਉਹ ਤਾਂ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦਾ ਆ ਰਿਹਾ ਹੈ। ਪਰ ਦਰਅਸਲ ਉਸ ਨੇ ਅਜਿਹਾ ਨਹੀਂ ਕੀਤਾ ਸੀ। ਉਸ ਨੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪ੍ਰੇਮ ਨਹੀਂ ਕੀਤਾ ਸੀ। ਜੇਕਰ ਉਸ ਨੇ ਅਜਿਹਾ ਕੀਤਾ ਹੁੰਦਾ ਤਾਂ ਉਸ ਨੇ ਆਪਣੀ ਦੌਲਤ ਗਰੀਬਾਂ ਦੇ ਨਾਲ ਸਾਂਝੀ ਕੀਤੀ ਹੁੰਦੀ। ਲਾਲਚ ਦੇ ਪਾਪ ਨੇ ਉਸ ਦੇ ਜੀਵਨ ਨੂੰ ਘੇਰਿਆ ਹੋਇਆ ਸੀ। ਦਸਾਂ ਵਿਚੋਂ ਇਕ ਹੁਕਮ ਦੀ ਹੁਕਮ-ਅਦੂਲੀ ਕਰਕੇ ਉਸ ਨੇ ਸਾਰੇ ਦਸ ਹੁਕਮ ਤੋੜ ਦਿੱਤੇ ਸਨ, ਕਿਉਂਕਿ ਉਹ ਦਸ ਹੁਕਮ ਇਕ ਦੂਜੇ ਨਾਲ ਬੱਝੀ ਹੋਈ ਇਕ ਲੜੀ ਹਨ। ਉਸ ਨੂੰ ਮੁਕਤੀ ਕੰਮਾਂ ਰਾਹੀਂ ਨਹੀਂ ਪਰ ਕਿਰਪਾ ਰਾਹੀਂ ਹੀ ਮਿਲਣੀ ਸੀ।

## ਸਵਰਗ ਜਾਣ ਦੀ ਜਾਅਲੀ ਟਿਕਟ

ਮਨੁੱਖੀ ਦਿਮਾਗ ਵਿਚ ਜੜ੍ਹਾਂ ਫੜੀ ਬੈਠੀ ਗਲਤ ਸਿੱਖਿਆ ਇਹ ਹੈ ਕਿ ਮੁਕਤੀ ਕੰਮਾਂ ਸਦਕਾ ਪ੍ਰਾਪਤ ਹੁੰਦੀ ਹੈ, ਕਿ ਚੰਗੇ ਲੋਕ ਸਵਰਗ ਜਾਂਦੇ ਹਨ। ਹੇਠਾਂ ਕੁਝ ਕੰਮਾਂ ਦੀ ਸੂਚੀ ਦਿੱਤੀ ਗਈ ਹੈ ਜਿਨ੍ਹਾਂ ਨੂੰ ਲੋਕ ਸਵਰਗ ਜਾਣ ਦੀ ਟਿਕਟ ਸਮਝੀ ਬੈਠੇ ਹਨ:

### ਧਾਰਮਿਕ ਕਰਮ-ਕਾਂਡ

*ਬਪਤਿਸਮਾ:* ਸਭਨਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਹ ਰਸਮ ਕੇਵਲ ਮੁਕਤੀ ਪ੍ਰਾਪਤ ਕਰ ਚੁੱਕੇ ਲੋਕਾਂ ਲਈ ਹੀ ਹੈ। ਇਹ ਤਾਂ ਮਸੀਹ ਨੂੰ ਕਬੂਲ ਕਰਨ ਦੀ ਜਨਤਕ ਘੋਸ਼ਣਾ ਹੈ ਅਤੇ ਉਸ ਦੀ ਮੌਤ, ਦਫ਼ਨਾਏ ਜਾਣ ਅਤੇ ਪੁਨਰਉੱਥਾਨ ਦੇ ਨਾਲ ਹੋਣ ਵਾਲੀ ਇਕ ਪਛਾਣ ਹੈ।

*ਮਖ਼ਸੂਸੀਅਤ:* ਇਹ ਕਲੀਸਿਆ ਦੀ ਇਕ ਰਸਮ ਹੈ, ਜਿਹੜੀ ਕਿ ਬਾਈਬਲ ਵਿਚ ਕਿਤੇ ਵੀ ਨਹੀਂ ਮਿਲਦੀ ਹੈ। ਇਸ ਕਰਕੇ ਇਹ ਤਾਂ ਮੁਕਤੀ ਦਾ ਸਾਧਨ ਕਦੇ ਹੋ ਹੀ ਨਹੀਂ ਸਕਦੀ।

*ਪਾਪਾਂ ਦਾ ਇਕਰਾਰ:* ਪਾਪਾਂ ਦੀ ਮਾਫ਼ੀ ਉਦੋਂ ਨਹੀਂ ਮਿਲਦੀ ਜਦੋਂ ਤੁਸੀਂ ਉਨ੍ਹਾਂ ਦਾ ਇਕਰਾਰ ਕਿਸੇ ਮਨੁੱਖ ਦੇ ਸਾਹਮਣੇ ਕਰਦੇ ਹੋ। ਪਰਮੇਸ਼ਰ ਤਾਂ ਇਹ ਸੁਣਨਾ ਚਾਹੁੰਦਾ ਹੈ ਕਿ ਤੁਸੀਂ ਯਿਸੂ ਮਸੀਹ ਨੂੰ ਪ੍ਰਭੂ ਅਤੇ ਮੁਕਤੀਦਾਤਾ ਵੱਜੋਂ ਕਬੂਲ ਕਰਨ ਦਾ ਇਕਰਾਰ ਕਰ ਲਿਆ ਹੈ।

*ਅਸ਼ਾਇ ਰੱਬਾਨੀ:* ਬਪਤਿਸਮਾ ਦੀ ਤਰ੍ਹਾਂ ਇਹ ਕੇਵਲ ਉਨ੍ਹਾਂ ਮਸੀਹੀਆਂ ਲਈ ਹੈ ਜਿਹੜੇ ਯਿਸੂ ਮਸੀਹ ਦੇ ਸੱਚੇ ਪੈਰੋਕਾਰ ਹਨ। ਇਹ ਪ੍ਰਭੂ ਦੀ ਮੌਤ ਦੀ ਯਾਦਗਾਰੀ ਹੈ।

*ਤਪੱਸਿਆ:* ਇਹ ਇਕ ਅਜਿਹੀ ਕਿਰਿਆ ਹੈ ਜਿਸ ਦੇ ਰਾਹੀਂ ਇਨਸਾਨ ਆਪਣਿਆਂ ਪਾਪਾਂ ਦਾ ਪ੍ਰਾਸਚਿਤ ਕਰਨ ਦਾ ਜਤਨ ਕਰਦਾ ਹੈ। ਇਹ ਸ਼ਬਦ ਨਵੇਂ ਨੇਮ ਵਿਚ ਕਿਤੇ ਵੀ ਨਹੀਂ ਮਿਲਦਾ ਹੈ। ਪਰਮੇਸ਼ਰ ਚਾਹੁੰਦਾ ਹੈ ਕਿ ਪਾਪੀ ਤੋਬਾ ਕਰਨ ਅਰਥਾਤ ਆਪਣਿਆਂ ਪਾਪਾਂ ਨੂੰ ਮੰਨ ਲੈਣ ਅਤੇ ਮਾਫ਼ੀ ਪ੍ਰਾਪਤ ਕਰਨ ਲਈ ਉਸ ਵੱਲ ਮੁੜਨ।

*ਕਲੀਸੀਆ ਦੀ ਮੈਂਬਰਸ਼ਿਪ:* ਪ੍ਰਭੂ ਲਈ ਜਿਹੜੀ ਮੈਂਬਰਸ਼ਿਪ ਮਾਅਨੇ ਰੱਖਦੀ ਹੈ ਉਹ ਹੈ ਸੱਚੀ ਕਲੀਸੀਆ ਅਰਥਾਤ ਮਸੀਹ ਦੀ ਦੇਹ ਵਿਚ ਮੈਂਬਰਸ਼ਿਪ, ਜਿਹੜੀ ਸਭਨਾਂ ਸੱਚੇ ਵਿਸ਼ਵਾਸੀਆਂ ਨਾਲ ਮਿਲ ਕੇ ਬਣਦੀ ਹੈ। ਇਹ ਮੁਕਤੀ ਪ੍ਰਾਪਤ ਕਰਨ ਦਾ *ਜ਼ਰੀਆ* ਨਹੀਂ ਹੈ ਸਗੋਂ ਇਹ ਤਾਂ ਮਸੀਹ ਵਿਚ ਵਿਸ਼ਵਾਸ ਕਰਨ ਦਾ *ਨਤੀਜਾ* ਹੈ।

*ਕਲੀਸੀਆ ਸਭਾਵਾਂ ਵਿਚ ਪਾਬੰਦ ਹਾਜਰੀ:* ਸੁਣਨ ਵਿਚ ਭਾਵੇਂ ਇਹ ਚੰਗਾ ਜ਼ਰੂਰ ਲੱਗੇ ਪਰ ਕੇਵਲ ਇਸ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।

*ਦਸਵੰਧ ਦੇਣਾ:* ਕਿਸੇ ਵੀ ਗੈਰਵਿਸ਼ਵਾਸੀ ਦੁਆਰਾ ਕਲੀਸੀਆ ਵਿਚ ਆਪਣੀ ਕਮਾਈ ਦਾ ਇਕ ਹਿੱਸਾ ਦੇਣਾ ਉਦੋਂ ਵਿਅਰਥ ਹੈ ਜਦੋਂ ਉਹ ਇਸ ਦੇ ਰਾਹੀਂ ਪਰਮੇਸ਼ਰ ਦੀ ਪਰਵਾਨਗੀ ਪ੍ਰਾਪਤ ਕਰਨਾ ਚਾਹੁੰਦਾ ਹੈ। ਸਾਫ਼ ਸਪਸ਼ਟ ਗੱਲ ਤਾਂ ਇਹੋ ਹੈ ਕਿ ਪਰਮੇਸ਼ਰ ਨੂੰ ਉਸ ਦੇ ਪੈਸੇ ਦੀ ਲੋੜ ਨਹੀਂ ਹੈ। ਪਰਮੇਸ਼ਰ ਤਾਂ ਉਸ ਦੀ ਤੋਬਾ ਅਤੇ ਉਸ ਦਾ ਵਿਸ਼ਵਾਸ ਦੇਖਣਾ ਚਾਹੁੰਦਾ ਹੈ।

*ਵਰਤ ਰੱਖਣੇ:* ਆਪਣੇ ਆਪ ਦਾ ਅਜਿਹਾ ਇਨਕਾਰ ਕਰਨਾ ਅਕਸਰ ਸਿਹਤ ਲਈ ਚੰਗਾ ਹੁੰਦਾ ਹੈ, ਅਤੇ ਮਸੀਹੀਆਂ ਲਈ ਇਹ ਆਤਮਕ ਬਿਰਤੀ ਲਈ ਲਾਭਕਾਰੀ ਹੋ ਸਕਦਾ ਹੈ। ਪਰ ਜੇਕਰ ਗੈਰਵਿਸ਼ਵਾਸੀ ਇਸ

ਦੀ ਵਰਤੋਂ ਕਰਕੇ ਪਰਮੇਸ਼ਰ ਨੂੰ ਪ੍ਰਸੰਨ ਕਰਨਾ ਚਾਹੁੰਦੇ ਹਨ ਤਾਂ ਇਹ ਉਨ੍ਹਾਂ ਦੇ ਲਈ ਵਿਅਰਥ ਹੈ।

*ਪ੍ਰਾਰਥਨਾਵਾਂ:* ਗੈਰਵਿਸ਼ਵਾਸੀ ਵਿਅਕਤੀ ਤੋਂ ਪਰਮੇਸ਼ਰ ਇਕੋ ਇਕ ਪ੍ਰਾਰਥਨਾ ਦੀ ਉਡੀਕ ਕਰਦਾ ਹੈ, "ਪਰਮੇਸ਼ਰ, ਮੇਰੇ ਉੱਤੇ ਦਯਾ ਕਰ, ਮੈਂ ਪਾਪੀ ਹਾਂ, ਮੈਨੂੰ ਯਿਸੂ ਦੀ ਖਾਤਰ ਬਚਾ ਲੈ।"

*ਲੇਪਣ-ਸੰਸਕਾਰ:* ਇਸ ਰਸਮ ਵਿਚ ਪਾਦਰੀ ਪਵਿੱਤਰ ਤੇਲ ਨਾਲ ਮਰਣ ਕੰਢੇ ਪਏ ਰੋਗੀ ਦੀ ਮਾਲਸ਼ ਕਰਦਾ ਹੈ ਅਤੇ ਉਸ ਦੀ ਤੰਦਰੁਸਤੀ ਅਤੇ ਮੁਕਤੀ ਲਈ ਪ੍ਰਾਰਥਨਾ ਕਰਦਾ ਹੈ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਨਾ ਤਾਂ ਇਸ ਦਾ ਵਚਨ ਵਿਚ ਕੋਈ ਆਧਾਰ ਹੈ ਅਤੇ ਨਾ ਹੀ ਇਹ ਸਰੀਰਕ ਜਾਂ ਸਦੀਪਕ ਜੀਵਨ ਲਈ ਕੋਈ ਗਾਰੰਟੀ ਦਿੰਦਾ ਹੈ।

## ਸ਼ਰਾ ਦੀ ਪਾਲਣਾ

*ਦਸ ਹੁਕਮ:* ਜਿਵੇਂ ਕਿ ਅਸੀਂ ਅੱਗੇ ਜਾ ਕੇ ਵੀ ਇਸ ਬਾਰੇ ਵੇਖਾਂਗੇ, ਇਨ੍ਹਾਂ ਨਿਯਮਾਂ ਦਾ ਮਕਸਦ ਪਾਪ ਨੂੰ *ਉਜਾਗਰ* ਕਰਨਾ ਸੀ, ਇਸ ਨੂੰ ਮਿਟਾਉਣਾ ਨਹੀਂ।

*ਸੁਨਿਹਰੀ ਨਿਯਮ:* ਇਹ ਇਕ ਚੰਗਾ ਨੇਮ ਹੈ ਕਿ ਜੋ ਤੁਸੀਂ ਚਾਹੁੰਦੇ ਹੋ ਕਿ ਦੂਜੇ ਲੋਕ ਤੁਹਾਡੇ ਲਈ ਕਰਨ ਉਹੀ ਤੁਸੀਂ ਦੂਜਿਆਂ ਲਈ ਕਰੋ। ਪਰ ਇਸ ਦੀ ਪਾਲਣਾ ਸਿੱਧਤਾ ਵਿਚ ਕਰਨਾ ਮਨੁੱਖੀ ਸਮਰੱਥਾ ਵਿਚ ਅਸੰਭਵ ਹੈ।

*ਬਾਕੀ ਦੇ ਨਿਯਮ:* ਨਵਾਂ ਨੇਮ ਇਸ ਗੱਲ 'ਤੇ ਪੂਰਾ ਜ਼ੋਰ ਦੇ ਕੇ ਸਿਖਾਉਂਦਾ ਹੈ ਕਿ ਮਨੁੱਖ ਆਪਣੀ ਮੁਕਤੀ ਲਈ ਆਪ ਕੁਝ ਵੀ ਨਹੀਂ ਕਰ ਸਕਦਾ ਹੈ।

## ਚੰਗਾ ਚਰਿੱਤਰ

*ਚੰਗਾ ਜੀਵਨ ਜਿਉਣਾ:* ਸਾਡੀ ਜ਼ਿੰਦਗੀ ਭਾਵੇਂ ਕਿੰਨੀ ਵੀ ਚੰਗੀ ਕਿਉਂ ਨਾ ਹੋਵੇ, ਇਹ ਪਰਮੇਸ਼ਰ ਦੀ ਕਸਵੱਟੀ ਉੱਤੇ ਅਰਥਾਤ ਉਸ ਦੇ ਪੁੱਤਰ ਯਿਸੂ ਮਸੀਹ ਦੀ ਨਜ਼ਰਾਂ ਵਿਚ ਖਰੀ ਨਹੀਂ ਉੱਤਰ ਸਕਦੀ। ਇਕ ਪਾਪ

ਵੀ ਇਨਸਾਨ ਨੂੰ ਪਾਪੀ ਬਣਾ ਸਕਦਾ ਹੈ ਅਤੇ ਇਕ ਪਾਪ ਦੀ ਮਜਦੂਰੀ ਵੀ ਮੌਤ ਹੀ ਹੈ।

*ਦੂਜਿਆਂ ਨਾਲੋਂ ਬਿਹਤਰ ਹੋਣਾ:* ਲਗਭਗ ਹਰ ਕੋਈ ਇਹ ਆਖ ਸਕਦਾ ਹੈ ਕਿ ਉਹ ਕਿਸੇ ਨਾ ਕਿਸੇ ਵਿਅਕਤੀ ਨਾਲੋਂ ਤਾਂ ਬਿਹਤਰ ਹੈ ਹੀ। ਹਰੇਕ ਵਿਅਕਤੀ ਨੂੰ ਕੋਈ ਤਾਂ ਆਪਣੇ ਤੋਂ ਨੀਵਾਂ ਮਿਲ ਹੀ ਜਾਂਦਾ ਹੈ। ਅਫ਼ਸੋਸ, ਇਹ ਹੰਕਾਰ ਵੀ ਕਿਸੇ ਕੰਮ ਦਾ ਨਹੀਂ ਹੈ। ਜੇਕਰ ਇੰਨਾ ਹੀ ਕਾਫ਼ੀ ਹੁੰਦਾ ਤਾਂ ਸੰਸਾਰ ਵਿਚ ਸਭ ਤੋਂ ਵੱਡੇ ਪਾਪੀ ਨੂੰ ਛੱਡ ਬਾਕੀ ਸਾਰੇ ਲੋਕ ਆਪਣੇ ਆਪ ਹੀ ਮੁਕਤੀ ਪ੍ਰਾਪਤ ਕਰ ਲੈਂਦੇ।

## ਭਲੇ ਕੰਮ

*ਦਾਨ-ਪੁੰਨ ਕਰਨਾ:* ਰਹਿਮਦਿਲੀ ਆਖਦੀ ਹੈ ਕਿ ਅਸੀਂ ਜ਼ਰੂਰਤਮੰਦਾਂ ਦੀ ਮਦਦ ਕਰੀਏ। ਦਾਨ-ਪੁੰਨ ਦੇ ਖਿਲਾਫ਼ ਬੋਲਣਾ ਮਾਂ ਦੀ ਮਮਤਾ ਦੇ ਖਿਲਾਫ਼ ਬੋਲਣ ਦੇ ਬਰਾਬਰ ਹੈ। ਪਰ ਇਥੇ ਮੁੱਖ ਗੱਲ ਇਹ ਹੈ ਕਿ ਅਜਿਹਾ ਕਰਕੇ ਪਾਪਾਂ ਦਾ ਪ੍ਰਾਸਚਿਤ ਕਰਨਾ ਸੰਭਵ ਨਹੀਂ ਹੈ।

*ਆਪਣੇ ਸਰਬਉੱਤਮ ਜਤਨ ਕਰਨਾ:* ਸਾਰਿਆਂ ਨੂੰ ਅਜਿਹਾ ਕਰਨਾ ਚਾਹੀਦਾ ਹੈ, ਪਰ ਚੰਗੇ ਕੰਮ ਸਾਡੇ ਮੁਕਤੀਦਾਤਾ ਨਹੀਂ ਹਨ, ਸਾਡਾ ਮੁਕਤੀਦਾਤਾ ਤਾਂ ਯਿਸੂ ਮਸੀਹ ਹੈ।

## ਵਿਰਸਾ

*ਪਰਮੇਸ਼ਰ ਦਾ ਭੈ ਮੰਨਣ ਵਾਲੇ ਮਾਪਿਆਂ ਦੇ ਘਰ ਜਨਮ ਲੈਣਾ:* ਮੁਕਤੀ ਵਿਰਸੇ ਵਿਚ ਨਹੀਂ ਮਿਲਦੀ। ਇਹ ਸਾਡੀਆਂ ਰਗਾਂ ਵਿਚ ਨਹੀਂ ਦੌੜਦੀ। ਮੁਕਤੀ ਪ੍ਰਾਪਤ ਕਰਨ ਲਈ ਤਾਂ ਹਰੇਕ ਵਿਅਕਤੀ ਨੂੰ ਖੁਸ਼ਖਬਰੀ ਦਾ ਜਵਾਬ ਆਪ ਦੇਣਾ ਪੈਂਦਾ ਹੈ।

*ਪਰਿਵਾਰ ਦਾ ਕੋਈ ਮੈਂਬਰ ਪ੍ਰਭੂ ਦਾ ਸੇਵਕ, ਪਾਦਰੀ ਜਾਂ ਰੱਬੀ ਹੋਣਾ:* ਕੋਈ ਵੀ ਵਿਅਕਤੀ ਕਿਸੇ ਦੂਜੇ ਦੀ ਮਿਹਨਤ ਸਦਕਾ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਸਾਡੀ ਮੁਕਤੀ ਕਿਸੇ ਵੀ ਤਰ੍ਹਾਂ ਦੇ ਮਨੁੱਖੀ ਸਬੰਧ ਦੇ ਕਾਰਨ ਨਹੀਂ ਹੁੰਦੀ ਹੈ।

## ਹੋਰ

*ਚੰਗਾ ਪਿਤਾਂ ਜਾਂ ਚੰਗੀ ਮਾਤਾ ਬਣਨਾ, ਜਾਂ ਪਰਿਵਾਰ ਦੀ ਪਰਵਰਿਸ਼ ਚੰਗੀ ਤਰ੍ਹਾਂ ਕਰਨਾ:* ਇਹ ਸ਼ਲਾਘਾਯੋਗ ਤਾਂ ਹੈ ਪਰ ਕਾਫ਼ੀ ਨਹੀਂ ਹੈ। ਅਸੀਂ ਆਪਣੇ ਕਿਸੇ ਵੀ ਚੰਗੇ ਕੰਮ ਸਦਕਾ ਮੁਕਤੀ ਪ੍ਰਾਪਤ ਕਰ ਹੀ ਨਹੀਂ ਸਕਦੇ।

ਇਨ੍ਹਾਂ ਵਿਚੋਂ ਇਕ ਵੀ ਕੰਮ — ਜਾਂ ਫਿਰ ਇਕੋ ਸਮੇਂ ਕੀਤੇ ਜਾਣ ਵਾਲੇ ਇਕ ਤੋਂ ਵਧੇਰੇ ਕੰਮ ਵੀ — ਕਿਸੇ ਵਿਅਕਤੀ ਨੂੰ ਮੁਕਤੀ ਨਹੀਂ ਕਮਾ ਕੇ ਦੇ ਸਕਦੇ। ਜੇਕਰ ਅਜਿਹਾ ਹੁੰਦਾ ਤਾਂ ਮਸੀਹ ਨੂੰ ਆਪਣੀ ਕੁਰਬਾਨੀ ਦੇਣ ਦੀ ਲੋੜ ਨਹੀਂ ਸੀ। ਉਸ ਦੀ ਮੌਤ, ਦਫ਼ਨਾਏ ਜਾਣ ਅਤੇ ਪੁਨਰਉੱਥਾਨ ਦਾ ਇਕੋ ਇਕ ਕਾਰਨ ਇਹੋ ਹੈ ਕਿ ਉਸ ਵਿਚ ਵਿਸ਼ਵਾਸ ਕਰਨ ਤੋਂ ਇਲਾਵਾ ਮੁਕਤੀ ਪ੍ਰਾਪਤ ਕਰਨ ਦਾ ਕੋਈ ਹੋਰ ਰਾਹ ਹੈ ਹੀ ਨਹੀਂ।

ਜੇਕਰ ਤੁਸੀਂ ਉੱਪਰ ਦਿੱਤੀ ਗਈ ਸੂਚੀ ਉੱਤੇ ਗੌਰ ਕਰੋ ਤਾਂ ਤੁਸੀਂ ਵੇਖੋਗੇ ਕਿ ਉਸ ਵਿਚ ਅਜਿਹਾ ਇਕ ਵੀ ਕੰਮ ਨਹੀਂ ਹੈ ਜਿਸ ਨੂੰ ਸਾਰਾ ਸੰਸਾਰ ਅਸਾਨੀ ਨਾਲ ਕਰ ਸਕਦਾ ਹੈ। ਸੱਚ ਤਾਂ ਇਹ ਹੈ ਕਿ ਤੁਸੀਂ ਅਜਿਹਾ ਇਕ ਵੀ ਚੰਗਾ ਕੰਮ ਨਹੀਂ ਦੱਸ ਸਕਦੇ ਜਿਸ ਨੂੰ ਸਾਰਾ ਸੰਸਾਰ ਬਿਨਾਂ ਕਿਸੇ ਝਿਝਕ ਦੇ ਅਸਾਨੀ ਨਾਲ ਕਰ ਸਕਦਾ ਹੈ। ਜਦੋਂ ਤੁਸੀਂ ਅਜਿਹੇ ਲੋਕਾਂ ਬਾਰੇ ਸੋਚਦੇ ਹੋ ਜਿਨ੍ਹਾਂ ਦੇ ਹੱਥ-ਪੈਰ ਨਹੀਂ ਹਨ, ਜਾਂ ਜਿਹੜੇ ਦ੍ਰਿਸ਼ਟੀਹੀਣ ਹਨ ਜਾਂ ਕੰਗਲੇ ਹਨ ਜਾਂ ਮੌਤ ਦੇ ਕੰਢੇ ਪਏ ਹਨ, ਤੁਸੀਂ ਇਹ ਸਿਆਣ ਜਾਓਗੇ ਕਿ ਕੰਮਾਂ ਸਦਕਾ ਮੁਕਤੀ ਪ੍ਰਾਪਤ ਕਰਨਾ ਇਕ ਬੁਰੀ ਖੁਸ਼ਖਬਰੀ ਹੈ। ਇਸ ਵਿਚ ਮਾਸਾ ਜਿੰਨੀ ਵੀ ਖੁਸ਼ਖਬਰੀ ਨਹੀਂ ਹੈ।

ਸਦੀਆਂ ਤੋਂ ਹੀ ਲੋਕ ਅਨੇਕਾਂ ਮਨੁੱਖੀ ਵਿਧੀਆਂ ਅਤੇ ਜੁਗਤਾਂ ਦੀ ਮਦਦ ਨਾਲ ਸਵਰਗ ਜਾਣ ਦਾ ਅਧਿਕਾਰ ਕਮਾਉਣ ਦਾ ਜਤਨ ਕਰਦੇ ਆ ਰਹੇ ਹਨ, ਜਿਵੇਂ ਕਿ ਚਿੰਤਨ, ਆਤਮ-ਤਿਆਗ, ਤਪ, ਸਰੀਰਕ ਤਸੀਹੇ (ਜਿਵੇਂ ਕਿ ਗੋਡਿਆਂ ਭਾਰ ਪੌੜੀਆਂ ਚੜ੍ਹਨਾ), ਤੀਰਥ ਯਾਤਰਾਵਾਂ, ਵਿਰਾਗੀ ਬਣ ਜਾਣਾ ਜਾਂ ਫਿਰ ਪੈਸਾ ਚੜ੍ਹਾਉਣਾ।

ਇਹ ਸਭਕੁਝ ਵਿਅਰਥ ਹੈ। ਪਾਪ ਦਾ ਦਾਗ਼ਾਂ ਨੂੰ ਹੋਰ ਕੁਝ ਨਹੀਂ ਧੋ ਸਕਦਾ, ਕੇਵਲ ਯਿਸੂ ਮਸੀਹ ਦਾ ਲਹੂ ਹੀ ਇਨ੍ਹਾਂ ਨੂੰ ਧੋ ਸਕਦਾ ਹੈ।

## 'ਯਿਸੂ ਦੇ ਨਾਲ–ਨਾਲ ਹੋਰ ਵੀ ਕੁਝ ਜ਼ਰੂਰੀ ਹੈ' ਆਖਣ ਦਾ ਭਰਮ

ਅਜਿਹੇ ਅਨੇਕਾਂ ਲੋਕ ਹਨ ਜਿਹੜੇ ਇਹ ਮੰਨਦੇ ਹਨ ਕਿ ਮੁਕਤੀ ਪ੍ਰਾਪਤ ਕਰਨ ਲਈ ਮਸੀਹ ਵਿਚ ਵਿਸ਼ਵਾਸ ਕਰਨਾ ਲਾਜ਼ਮੀ ਹੈ, ਪਰ ਫਿਰ ਉਹ ਇਸ ਦੇ ਨਾਲ ਕੋਈ ਨਾ ਕੋਈ ਹੋਰ ਮੰਗ ਵੀ ਜੋੜ ਦਿੰਦੇ ਹਨ। ਅਰੰਭਕ ਕਲੀਸੀਆ ਦੇ ਸਮੇਂ ਵਿਚ ਕੁਝ ਲੋਕ ਸਿਖਾਉਂਦੇ ਸਨ ਕਿ ਖ਼ਤਨਾ ਵੀ ਜ਼ਰੂਰੀ ਹੈ। ਅੱਜ ਬਪਤਿਸਮਾ, ਗੈਰਜ਼ਬਾਨਾਂ, ਸਬਤ ਮੰਨਣਾ, ਸ਼ਰਾ ਦੀ ਪਾਲਣਾ, ਅਤੇ ਅਜਿਹੇ ਹੋਰ ਕੰਮ ਇਸ ਵਿਚ ਜੁੜੀ ਜਾ ਰਹੇ ਹਨ। ਇਹ ਬਿਲਕੁਲ ਗਲਤ ਹੈ। ਪ੍ਰਭੂ ਯਿਸੂ ਮਸੀਹ ਇਕਮਾਤਰ ਅਤੇ ਵਾਜਬ ਮੁਕਤੀਦਾਤਾ ਹੈ। ਉਹ ਮੁਕਤੀਦਾਤਾ ਹੋਣ ਦਾ ਸਨਮਾਨ ਹੋਰ ਕਿਸੇ ਵਿਅਕਤੀ ਜਾਂ ਕੰਮ ਦੇ ਨਾਲ ਕਦੇ ਵੀ ਨਹੀਂ ਵੰਡੇਗਾ। ਮੁਕਤੀ ਕੇਵਲ ਵਿਸ਼ਵਾਸ ਦੁਆਰਾ ਕਿਰਪਾ ਰਾਹੀਂ ਪ੍ਰਾਪਤ ਹੁੰਦੀ ਹੈ, ਬਸ ਹੋਰ ਕੁਝ ਨਹੀਂ। ਕਿਰਪਾ ਉਹ ਕਰਦਾ ਹੈ ਅਤੇ ਵਿਸ਼ਵਾਸ ਅਸੀਂ ਕਰਦੇ ਹਾਂ।

## ਗਲਤ ਖੁਸ਼ਖਬਰੀ ਦਾ ਪਰਦਾਫ਼ਾਸ਼

ਗਲਤ ਖੁਸ਼ਖਬਰੀ ਵਿਚ ਇਕ ਬੜੀ ਘਾਤਕ ਗੜਬੜੀ ਹੈ। ਬਾਈਬਲ ਬਾਰ-ਬਾਰ ਆਖਦੀ ਹੈ ਕਿ ਕੋਈ ਵੀ ਵਿਅਕਤੀ ਸ਼ਰਾ ਦੀ ਪਾਲਣਾ ਕਰਕੇ ਜਾਂ ਚੰਗੇ ਕੰਮ ਕਰਕੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।[71] ਇਨ੍ਹਾਂ ਤਰੀਕਿਆਂ ਨਾਲ ਪਾਪ ਦਾ ਪ੍ਰਾਸਚਿਤ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ, ਬਾਈਬਲ ਵਿਚ ਅਜਿਹੀ ਬਥੇਰੀਆਂ ਆਇਤਾਂ ਹਨ ਜਿਹੜੀਆਂ ਇਹ ਆਖਦੀਆਂ ਹਨ ਕਿ ਮੁਕਤੀ ਕੰਮਾਂ ਸਦਕਾ ਨਹੀਂ ਪਰ ਕੇਵਲ ਯਿਸੂ ਵਿਚ ਵਿਸ਼ਵਾਸ ਕਰਨ ਦੁਆਰਾ ਹੀ ਪ੍ਰਾਪਤ ਹੁੰਦੀ ਹੈ।[72]

ਕੰਮਾਂ ਸਦਕਾ ਮੁਕਤੀ ਪ੍ਰਾਪਤ ਕਰਨ ਦਾ ਜਤਨ ਕਰਨ ਵਾਲਾ ਵਿਅਕਤੀ ਕਦੇ ਇਸ ਗੱਲ ਲਈ ਨਿਸ਼ਚਿਤ ਹੋ ਹੀ ਨਹੀਂ ਸਕਦਾ ਕਿ ਉਸ ਨੂੰ ਮੁਕਤੀ ਪ੍ਰਾਪਤ ਹੋ ਗਈ ਹੈ ਜਾਂ ਨਹੀਂ। ਉਹ ਇਸ ਗੱਲ ਲਈ ਕਦੇ ਨਿਸ਼ਚਿਤ ਹੋ ਹੀ ਨਹੀਂ ਸਕਦਾ ਕਿ ਉਸ ਨੇ ਲੋੜੀਂਦਾ ਚੰਗੇ ਕੰਮ ਪੂਰੇ ਕਰ ਲਏ ਹਨ ਜਾਂ ਨਹੀਂ, ਜਾਂ ਫਿਰ ਜਿਹੜੇ ਕੰਮ ਉਸ ਨੇ ਕੀਤੇ ਹਨ ਉਹ ਢੁਕਵੇਂ

ਵੀ ਹੈ ਹਨ ਜਾਂ ਨਹੀਂ। ਪਰ ਜੇਕਰ ਤੁਸੀਂ ਵਿਸ਼ਵਾਸ ਦੁਆਰਾ ਕਿਰਪਾ ਰਾਹੀਂ ਮੁਕਤੀ ਪ੍ਰਾਪਤ ਕਰਦੇ ਹੋ, ਤਾਂ ਪਰਮੇਸ਼ਰ ਦੇ ਵਚਨ ਦੇ ਅਧਿਕਾਰ ਦੇ ਕਾਰਨ ਤੁਸੀਂ ਨਿਸ਼ਚਿਤ ਹੋ ਸਕਦੇ ਹੋ ਕਿ ਤੁਸੀਂ ਮੁਕਤੀ ਪ੍ਰਾਪਤ ਕਰ ਲਈ ਹੈ। ਜਦੋਂ ਤੁਹਾਨੂੰ ਕੋਈ ਤੋਹਫ਼ਾ ਮਿਲਦਾ ਹੈ ਤਾਂ ਤੁਹਾਨੂੰ ਨਿਸ਼ਚਿਤ ਤੌਰ 'ਤੇ ਇਹ ਪਤਾ ਲੱਗ ਜਾਂਦਾ ਹੈ ਕਿ ਇਹ ਤੁਹਾਨੂੰ ਮਿਲ ਚੁੱਕਾ ਹੈ। ਇਸੇ ਕਰਕੇ ਬਾਈਬਲ ਦੀ ਇਸ ਆਇਤ ਦਾ ਇਹੋ ਅਰਥ ਹੈ, "ਇਸ ਕਾਰਨ ਉਹ ਨਿਹਚਾ ਤੋਂ ਹੋਇਆ ਭਈ ਕਿਰਪਾ ਦੇ ਅਨੁਸਾਰ ਠਹਿਰੇ ਇਸ ਲਈ ਜੋ ਕਰਾਰ ਸਾਰੀ ਅੰਸ ਦੇ ਲਈ ਪੱਕਾ ਰਹੇ..."[73]

ਸ਼ਰਾ ਦੇ ਅਧੀਨ ਵਿਅਕਤੀ ਕਦੇ ਵੀ ਸਦੀਪਕ ਕਾਲ ਲਈ ਸੁਰੱਖਿਅਤ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਭਵਿੱਖ ਵਿਚ ਕੀ ਕਰ ਬੈਠੇਗਾ। ਕੰਮਾਂ ਸਦਕਾ ਮੁਕਤੀ ਪ੍ਰਾਪਤ ਕਰਨ ਦੀ ਖੁਸ਼ਖਬਰੀ ਵਿਚ ਘਾਤਕ ਗੜਬੜੀ ਇਹ ਹੈ ਕਿ ਇਸ ਵਿਚ ਸਭਕੁਝ ਮਨੁੱਖ ਦੇ ਆਪਣੇ ਆਪ ਉੱਤੇ ਹੀ ਨਿਰਭਰ ਕਰਦਾ ਹੈ।

ਕਿਰਪਾ ਦੀ ਖੁਸ਼ਖਬਰੀ ਇਹ ਗਾਰੰਟੀ ਦਿੰਦੀ ਹੈ ਕਿ ਮਸੀਹ ਦੀ ਕੋਈ ਵੀ ਭੇਡ ਕਦੇ ਵੀ ਨਾਸ ਨਹੀਂ ਹੋਵੇਗੀ। ਜੌਨ ਕੈਂਟ ਦੇ ਇਕ ਭਜਨ ਵਿਚ ਇਸ ਭਰੋਸੇ ਨੂੰ ਬੜੀ ਹੀ ਚੰਗੀ ਰੀਤੀ ਨਾਲ ਦਰਸ਼ਾਇਆ ਗਿਆ ਹੈ:

ਮਨੁੱਖ ਨੂੰ ਮਸੀਹ ਤੋਂ ਕੌਣ ਜੁਦਾ ਕਰ ਸਕਦਾ ਹੈ,
ਜਿਹੜਾ ਸਦੀਪਕ ਡੋਰੀਆਂ ਦੁਆਰਾ ਉਸ ਨਾਲ ਬੱਝਾ ਹੈ?
ਇਕ ਵਾਰ ਉਸ ਵਿਚ ਜੋ ਆ ਗਿਆ, ਉਹ ਸਦਾ ਲਈ ਆ ਗਿਆ,
ਅਜਿਹਾ ਹੈ ਸਦਾਕਾਲ ਦਾ ਨੇਮ:
ਤੈਨੂੰ ਤੇਰੇ ਮੁਕਤੀਦਾਤਾ ਦੇ ਹੱਥਾਂ ਵਿਚੋਂ
ਕੋਈ ਨਾ ਖੋਹ ਸਕੇਗਾ।

ਜਿਹੜੇ ਲੋਕ ਆਪਣੀ ਮੁਕਤੀ ਆਪ ਕਮਾਉਣ ਦਾ ਜਤਨ ਕਰ ਰਹੇ ਹਨ ਉਹ ਦਰਅਸਲ ਗੁਲਾਮ ਹਨ, ਅਥੱਕ ਜਤਨਾਂ ਵਿਚ ਰੁੱਝੇ ਹਨ ਪਰ ਹਾਸਿਲ ਕੁਝ ਵੀ ਨਹੀਂ ਕਰ ਪਾਉਂਦੇ। ਯਿਸੂ ਨੇ ਆਪਣਿਆਂ ਵਿਸ਼ਵਾਸੀਆਂ ਨਾਲ ਇਹ ਪ੍ਰਤਿੱਗਿਆ ਕੀਤੀ ਹੈ ਕਿ ਜਦੋਂ ਉਸ ਨੇ ਉਨ੍ਹਾਂ ਨੂੰ ਅਜ਼ਾਦ ਕਰ ਦਿੱਤਾ ਹੈ ਤਾਂ ਉਹ ਸੱਚਮੁੱਚ ਅਜ਼ਾਦ ਹੋ ਗਏ ਹਨ।

ਗਲਤ ਖੁਸ਼ਖਬਰੀ ਦਾ ਨਾਰਾ ਹੈ *ਕੰਮ ਕਰੋ।* ਕਿਰਪਾ ਦਾ ਨਾਰਾ ਹੈ *ਕੰਮ ਪੂਰਾ ਹੋ ਚੁੱਕਾ ਹੈ।* ਮਸੀਹ ਨੇ ਛੁਟਕਾਰੇ ਦਾ ਕੰਮ ਪੂਰਾ ਕਰ ਦਿੱਤਾ ਹੈ। ਇਸ ਲਈ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

ਲੋਕਾਂ ਨੂੰ ਸੁਭਾਵਕ ਤੌਰ 'ਤੇ ਹੀ ਕਿਰਪਾ ਪਸੰਦ ਨਹੀਂ ਹੈ। ਉਹ ਨਾ ਤਾਂ ਆਪਣੇ ਲਈ ਕਿਰਪਾ ਚਾਹੁੰਦੇ ਹਨ ਅਤੇ ਨਾ ਹੀ ਇਹ ਚਾਹੁੰਦੇ ਹਨ ਕਿ ਪਰਮੇਸ਼ਰ ਦੂਜਿਆਂ ਉੱਤੇ ਕਿਰਪਾ ਕਰੇ। ਜੇਕਰ ਵੇਖਿਆ ਜਾਵੇ ਤਾਂ ਉਹ ਖੁਰਲੀ ਕੋਲ ਖੜ੍ਹੇ ਕੁੱਤੇ ਵਰਗੇ ਹਨ, ਉਹ ਆਪ ਤਾਂ ਪੱਠੇ ਖਾਂਦਾ ਨਹੀਂ ਅਤੇ ਜੇਕਰ ਕੋਈ ਹੋਰ ਜਾਨਵਰ ਪੱਠੇ ਖਾਣ ਆ ਜਾਵੇ ਤਾਂ ਉਸ ਨੂੰ ਉਥੋਂ ਭਜਾ ਦਿੰਦਾ ਹੈ। ਯਿਸੂ ਮਸੀਹ ਦੇ ਸਮੇਂ ਦੇ ਧਾਰਮਿਕ ਆਗੂਆਂ ਨੇ ਜਨਤਾ ਲਈ ਪਰਮੇਸ਼ਰ ਦੇ ਰਾਜ ਦੇ ਬੂਹੇ ਬੰਦ ਕਰ ਦਿੱਤੇ ਸਨ। ਉਹ ਆਪ ਤਾਂ ਉਸ ਵਿਚ ਪ੍ਰਵੇਸ਼ ਕਰਦੇ ਨਹੀਂ ਸਨ, ਸਗੋਂ ਹੋਰਨਾਂ ਨੂੰ ਵੀ ਉਸ ਵਿਚ ਪ੍ਰਵੇਸ਼ ਕਰਨ ਤੋਂ ਵਰਜਦੇ ਸਨ। ਸ਼ਰਾ ਦੇ ਗਿਆਨੀ ਵੀ ਅਜਿਹਾ ਹੀ ਕਰਦੇ ਸਨ। ਉਹ ਪਰਮੇਸ਼ਰ ਦੇ ਵਚਨ ਨੂੰ ਲੋਕਾਂ ਤਕ ਆਉਣ ਹੀ ਨਹੀਂ ਦਿੰਦੇ ਸਨ। ਉਹ ਨਾ ਤਾਂ ਆਪ ਪ੍ਰਵੇਸ਼ ਕਰਦੇ ਸਨ ਅਤੇ ਨਾ ਹੀ ਹੋਰਨਾਂ ਨੂੰ ਪ੍ਰਵੇਸ਼ ਕਰਨ ਦਿੰਦੇ ਸਨ।

ਸ਼ਰਾ ਕਿਰਪਾ ਨੂੰ ਸਤਾਉਂਦੀ ਹੈ। ਪੁਰਾਣੇ ਨੇਮ ਦੇ ਸਮੇਂ ਦੇ ਦੌਰਾਨ ਜਦੋਂ ਇਸਮਾਏਲ ਨੇ ਇਸਹਾਕ ਦਾ ਮਖੌਲ ਉਡਾਇਆ, ਤਾਂ ਪੌਲੁਸ ਨੂੰ ਇਸ ਘਟਨਾ ਵਿਚ ਇਹੋ ਤੱਥ ਦਿਖਾਈ ਦਿੱਤਾ ਸੀ ਕਿ ਸ਼ਰਾ ਕਿਰਪਾ ਨੂੰ ਸਤਾਉਂਦੀ ਹੈ।[74] ਇਸ ਨੂੰ ਮਸੀਹ ਦੀ ਸਲੀਬੀ ਮੌਤ ਵੇਲੇ ਹੋਰ ਵੀ ਕਠੋਰ ਰੂਪ ਵਿਚ ਵੇਖਿਆ ਜਾ ਸਕਦਾ ਹੈ। ਕਨੂੰਨਵਾਦੀਆਂ ਨੇ ਹੀ ਉਸ ਦੀ ਮੌਤ ਦੀ ਜੁਗਤ ਲੜਾਈ ਸੀ ਜਿਹੜਾ ਕਿਰਪਾ ਅਤੇ ਸੱਚਾਈ ਦਾ ਬਾਨੀ ਸੀ।

# 7

# ਅਸਲ ਵਿਸ਼ਵਾਸੀ ਨੂੰ ਪਛਾਣਨਾ ਸੌਖਾ ਹੈ

ਜਦੋਂ ਤੁਸੀਂ ਇਹ ਸਧਾਰਨ ਸਵਾਲ ਪੁੱਛਦੇ ਹੋ, "ਕੀ ਤੁਸੀਂ ਮੁਕਤੀ ਪ੍ਰਾਪਤ ਕਰ ਚੁੱਕੇ ਹੋ?" ਜਾਂ "ਕੀ ਤੁਸੀਂ ਮਸੀਹੀ ਹੋ?" ਤਾਂ ਇਨ੍ਹਾਂ ਦੇ ਜਵਾਬ ਸੁਣਦਿਆਂ ਤੁਸੀਂ ਪਤਾ ਲਗਾ ਸਕਦੇ ਹੋ ਕਿ ਸਾਹਮਣੇ ਵਾਲੇ ਵਿਅਕਤੀ ਦਾ ਆਧਾਰ ਕੀ ਹੈ — ਸ਼ਰਾ ਜਾਂ ਕਿਰਪਾ।

ਸੱਚੇ ਮਸੀਹੀ ਦਾ ਜਵਾਬ ਕੁਝ ਅਜਿਹਾ ਹੋਵੇਗਾ: "ਜੀ ਹਾਂ, ਮੈਂ ਮੁਕਤੀ ਪ੍ਰਾਪਤ ਕਰ ਲਈ ਹੈ, ਪਰ ਇਹ ਕੇਵਲ ਪਰਮੇਸ਼ਰ ਦੀ ਕਿਰਪਾ ਸਕਦਾ ਹੀ ਹੋਇਆ ਹੈ, ਮੇਰੇ ਦੁਆਰਾ ਕੀਤੇ ਗਏ ਕਿਸੇ ਕੰਮ ਦੁਆਰਾ ਨਹੀਂ।"

ਬਾਈਬਲ ਵਿਚ ਅਜਿਹੇ ਕੁਝ ਲੋਕਾਂ ਦੇ ਉਦਾਹਰਣ ਦਿੱਤੇ ਗਏ ਹਨ ਜਿਹੜੇ ਕਿਰਪਾ ਦੀ ਉਚਿਤ ਸ਼ਲਾਘਾ ਕਰਦੇ ਸਨ।

ਰੂਥ ਇਕ ਅਜਿਹੇ ਅਲਪਸੰਖਿਅਕ ਸਮਾਜ ਦਾ ਹਿੱਸਾ ਸੀ ਜਿਸ ਨੂੰ ਹੀਣ ਸਮਝਿਆ ਜਾਂਦਾ ਸੀ ਅਤੇ ਜਿਹੜਾ ਸਰਬਨਾਸ ਹੋ ਜਾਣ ਦੀ ਕਗਾਰ 'ਤੇ ਖੜ੍ਹਾ ਸੀ। ਜਦੋਂ ਬੋਅਜ਼ ਨੇ ਉਸ ਦੇ ਪ੍ਰਤੀ ਅਸਾਧਾਰਨ ਅਤੇ ਅਚਨਚੇਤ ਕਿਰਪਾ ਦਰਸ਼ਾਈ ਤਾਂ ਉਹ ਕਹਿ ਉੱਠੀ, "ਮੈਂ ਕਿਉਂ ਤੇਰੀ ਨਿਗਾਹ ਵਿਚ ਕਿਰਪਾ ਪਾਈ ਜੋ ਤੈਂ ਮੇਰੀ ਵੱਲ ਧਿਆਨ ਕੀਤਾ?"[75] ਉਹ ਕਿਰਪਾ ਨੂੰ ਸਮਝਦੀ ਸੀ।

ਜਦੋਂ ਪ੍ਰਭੂ ਨੇ ਦਾਊਦ ਦੇ ਨਾਲ ਬਿਨਾਂ ਕਿਸੇ ਸ਼ਰਤ ਦੇ ਨੇਮ ਬੰਨ੍ਹਿਆ, ਤਾਂ ਦਾਊਦ ਇਹ ਆਖਣ ਤੋਂ ਆਪਣੇ ਆਪ ਨੂੰ ਰੋਕ ਨਾ ਸਕਿਆ, "ਹੇ ਪ੍ਰਭੂ ਯਹੋਵਾਹ, ਮੈਂ ਕੌਣ ਹਾਂ ਅਤੇ ਮੇਰਾ ਘਰ ਕੀ ਹੈ ਜੋ ਤੈਂ ਮੈਨੂੰ ਐਥੋਂ ਤੋੜੀ

ਅਪੜਾ ਦਿੱਤਾ?"[76] ਦਾਊਦ ਜਾਣਦਾ ਸੀ ਕਿ ਉਹ ਇਸ ਸਭ ਦੇ ਲਾਇਕ ਨਹੀਂ ਸੀ।

ਜਦੋਂ ਦਾਊਦ ਨੇ ਯੋਨਾਥਾਨ ਦੇ ਲੰਙੇ ਪੁੱਤਰ ਮਫ਼ੀਬੋਸ਼ਥ ਨੂੰ ਗੋਦ ਲਿਆ ਤਾਂ ਮਫ਼ੀਬੋਸ਼ਥ ਨੇ ਉਸ ਨੂੰ ਆਖਿਆ, "ਤੁਹਾਡਾ ਸੇਵਕ ਹੈ ਹੀ ਕੀ ਜੋ ਤੁਸੀਂ ਮੇਰੇ ਉੱਤੇ ਜੋ ਮੋਏ ਕੁੱਤੇ ਵਰਗਾ ਹਾਂ ਧਿਆਨ ਕਰੋ?"[77] ਮਫ਼ੀਬੋਸ਼ਥ ਸਿਆਣ ਗਿਆ ਸੀ ਕਿ ਜੇਕਰ ਰਾਜਾ ਚਾਹੁੰਦਾ ਤਾਂ ਉਸ ਨੂੰ ਮਰਵਾ ਸਕਦਾ ਸੀ ਕਿਉਂਕਿ ਮਫ਼ੀਬੋਸ਼ਥ ਉਸੇ ਸ਼ਾਊਲ ਦਾ ਪੋਤਾ ਸੀ ਜਿਹੜਾ ਦਾਊਦ ਦੀ ਹੱਤਿਆ ਕਰਵਾਉਣ ਲਈ ਉਸ ਦੇ ਮਗਰ ਹੱਥ ਧੋ ਕੇ ਪੈ ਗਿਆ ਸੀ।

ਪੌਲੁਸ ਦੇ ਮਨ ਉੱਤੇ ਇਹ ਤੱਥ ਹਮੇਸ਼ਾਂ ਛਾਇਆ ਰਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਉਸ ਨੂੰ, ਜੋ ਕਿ ਕਿਸੇ ਸਮੇਂ ਕਲੀਸੀਆ ਨੂੰ ਸਤਾਉਂਦਾ ਹੁੰਦਾ ਸੀ, ਇਕ ਰਸੂਲ ਹੋਣ ਲਈ ਬੁਲਾਇਆ ਗਿਆ ਹੈ: "ਮੇਰੇ ਉੱਤੇ ਜੋ ਸਾਰਿਆਂ ਸੰਤਾਂ ਵਿਚੋਂ ਛੋਟੇ ਤੋਂ ਛੋਟਾ ਹਾਂ ਇਹ ਕਿਰਪਾ ਹੋਈ ਭਈ ਮੈਂ ਪਰਾਈਆਂ ਕੌਮਾਂ ਨੂੰ ਮਸੀਹ ਦੇ ਅਣਲੱਭ ਧਨ ਦੀ ਖੁਸ਼ਖਬਰੀ ਸੁਣਾਵਾਂ ਅਰ ਇਸ ਗੱਲ ਦਾ ਪਰਕਾਸ਼ ਕਰਾਂ ਕਿ ਉਸ ਭੇਤ ਦੀ ਕੀ ਜੁਗਤੀ ਹੈ..."[78] ਉਸ ਨੇ ਖੁਸ਼ੀ-ਖੁਸ਼ੀ ਇਹ ਕਬੂਲ ਕਰ ਲਿਆ ਕਿ ਉਹ ਅਜਿਹੀ ਬੁਲਾਹਟ ਦੇ ਯੋਗ ਨਹੀਂ ਸੀ।

## ਇਕ ਭਜਨ ਜਿਹੜਾ ਇਸ ਨੂੰ ਚੰਗੀ ਤਰ੍ਹਾਂ ਬਿਆਨ ਕਰਦਾ ਹੈ

ਅਜਿਹੇ ਕਈ ਮਸੀਹੀ ਭਜਨ ਹਨ ਜਿਹੜੇ ਬੜੇ ਹੀ ਸੋਹਣੇ ਸ਼ਬਦਾਂ ਵਿਚ ਸ਼ੁਕਰਗੁਜ਼ਾਰੀ ਕਰਦਿਆਂ ਉਸ ਕਿਰਪਾ ਨੂੰ ਸਿਆਣਦੇ ਹਨ ਜਿਹੜੀ ਪਰਮੇਸ਼ਰ ਨੇ ਆਪਣੇ ਵਿਸ਼ਵਾਸੀਆਂ ਉੱਤੇ ਕੀਤੀ ਹੈ।

ਜੌਨ ਨਿਊਟਨ ਦੇ ਇਕ ਭਜਨ ਦਾ ਇਹ ਪਦ ਇਨ੍ਹਾਂ ਵਿਚੋਂ ਪ੍ਰਮੁੱਖ ਜਾਪਦਾ ਹੈ:

> ਅਦਭੁਤ ਕਿਰਪਾ! ਇਹ ਕਿੰਨੀ ਮਿੱਠੀ ਹੈ,
> ਜਿਸ ਨੇ ਮੇਰੇ ਜਿਹੇ ਦੁਸ਼ਟ ਪਾਪੀ ਨੂੰ ਬਚਾ ਲਿਆ ਹੈ!

ਮੈਂ ਗੁਆਚਿਆ ਹੋਇਆ ਸਾਂ, ਪਰ ਹੁਣ ਮੈਨੂੰ ਲੱਭ ਲਿਆ ਗਿਆ ਹੈ,
ਮੈਂ ਅੰਨ੍ਹਾ ਸਾਂ, ਪਰ ਹੁਣ ਮੈਂ ਵੇਖ ਸਕਦਾ ਹਾਂ!

(ਇਹ ਗੱਲ ਸਮਝ ਨਹੀਂ ਆਉਂਦੀ ਕਿ ਲੋਕ ਇਸ ਭਜਨ ਨੂੰ ਇੰਨਾਂ ਪਸੰਦ ਕਰਦੇ ਹਨ ਅਤੇ ਇਸ ਨੂੰ ਗਾਉਂਦੇ ਵੀ ਹਨ, ਪਰ ਫਿਰ ਵੀ ਇਹ ਵਿਸ਼ਵਾਸ ਕਰੀ ਜਾਂਦੇ ਹਨ ਕਿ ਉਨ੍ਹਾਂ ਨੂੰ ਮੁਕਤੀ ਉਨ੍ਹਾਂ ਦੇ ਚੰਗੇ ਜੀਵਨ ਸਦਕਾ ਮਿਲਦੀ ਹੈ!)

ਇਨ੍ਹਾਂ ਬੋਲਾਂ ਦੀ ਤਰਜ ਉੱਤੇ ਹੀ ਆਈਸਕ ਵਾਟਸ ਨੇ ਆਖਿਆ:

ਹਾਏ! ਮੇਰਾ ਮੁਕਤੀਦਾਤਾ ਲਹੂਲੁਹਾਨ ਹੈ,
ਮੇਰਾ ਪਾਤਸ਼ਾਹ ਕੁਰਬਾਨ ਹੋ ਗਿਆ ਹੈ।
ਉਸ ਨੇ ਆਪਣੇ ਇਸ ਪਵਿੱਤਰ ਸੀਸ ਨੂੰ
ਮੇਰੇ ਜਿਹੇ ਕੀੜੇ ਖਾਤਰ ਕਿਉਂ ਕੁਰਬਾਨ ਕਰ ਦਿੱਤਾ ਹੈ?

ਚਾਰਲਸ ਗੇਬਰਿਅਲ ਵੀ ਸਿਆਣ ਗਿਆ ਸੀ ਕਿ ਉਸ ਦੀ ਮੁਕਤੀ ਕੇਵਲ ਕਿਰਪਾ ਰਾਹੀਂ ਹੀ ਹੋਈ ਹੈ:

ਮੇਰੇ ਲਈ ਯਿਸੂ ਦਾ ਪ੍ਰੇਮ ਵੇਖ ਕੇ ਮੈਂ ਹੈਰਾਨ ਹਾਂ,
ਮੈਨੂੰ ਸਮਝ ਨਹੀਂ ਆ ਰਿਹਾ ਕਿ ਉਸ ਨੇ ਮੇਰੇ ਉੱਤੇ ਅਜਿਹੀ ਕਿਰਪਾ ਕਿਉਂ ਕੀਤੀ ਹੈ;
ਮੈਂ ਇਹ ਸੁਣ ਕੇ ਕੰਬ ਜਾਂਦਾ ਹਾਂ ਕਿ ਉਸ ਨੂੰ ਮੇਰੀ ਖਾਤਰ ਸਲੀਬ 'ਤੇ ਚਾੜ੍ਹਿਆ ਗਿਆ ਸੀ —
ਮੇਰੇ ਜਿਹੇ ਪਾਪੀ ਖਾਤਰ ਉਸ ਨੇ ਤਸੀਹੇ ਸਹੇ, ਲਹੂ ਵਹਾਇਆ ਅਤੇ ਕੁਰਬਾਨ ਹੋ ਗਿਆ।

ਹੇਠਾਂ ਉਹ ਅਸਲ ਗੱਲਬਾਤ ਲਿਖੀ ਗਈ ਹੈ ਜਿਹੜੀ ਚਾਰਲਸ ਸਿਮਿਅਨ ਅਤੇ ਜੌਨ ਵੈਸਲੀ ਵਿਚਕਾਰ ਉਨ੍ਹਾਂ ਦੀ ਪਹਿਲੀ ਮੁਲਾਕਾਤ ਵੇਲੇ ਹੋਈ ਸੀ:[79]

*ਸਿਮਿਅਨ:* ਮੈਂ ਜਾਣਦਾ ਹਾਂ ਕਿ ਤੁਹਾਨੂੰ ਆਰਮਿਨਿਅਨ ਸਦਾਇਆ ਜਾਂਦਾ ਹੈ;[80] ਅਤੇ ਮੈਨੂੰ ਕਦੇ-ਕਦੇ ਕੈਲਵਨਿਸਟ ਕਿਹਾ ਜਾਂਦਾ ਹੈ, ਅਤੇ ਇਸ ਕਰਕੇ ਮੈਨੂੰ ਲੱਗਦਾ ਹੈ ਕਿ ਸਾਨੂੰ ਤਾਂ ਲੜਨ ਲਈ ਕਿਰਪਾਨਾਂ ਕੱਢ

ਲੈਣੀਆਂ ਚਾਹੀਦੀਆਂ ਹਨ। ਪਰ ਇਸ ਤੋਂ ਪਹਿਲਾਂ ਕਿ ਸਾਡਾ ਇਹ ਘੋਲ ਸ਼ੁਰੂ ਹੋਵੇ, ਮੈਂ ਤੁਹਾਥੋਂ ਕੁਝ ਸਵਾਲ ਪੁੱਛਣਾ ਚਾਹੁੰਦਾ ਹਾਂ। ਕੀ ਤੁਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਭਟਕਿਆ ਹੋਇਆ ਮਨੁੱਖ ਮੰਨਦੇ ਹੋ, ਇੰਨਾ ਭਟਕਿਆ ਹੋਇਆ ਕਿ ਜੇਕਰ ਪਰਮੇਸ਼ਰ ਤੁਹਾਡੇ ਮਨ ਵਿਚ ਉਸ ਵੱਲ ਮੁੜਨ ਦੀ ਇੱਛਾ ਨਾ ਪਾਉਂਦਾ ਤਾਂ ਤੁਸੀਂ ਉਸ ਦੇ ਕੋਲ ਕਦੇ ਵੀ ਨਹੀਂ ਸੀ ਆ ਸਕਦੇ?

*ਵੈਸਲੀ:* ਜੀ ਹਾਂ, ਬਿਲਕੁਲ ਠੀਕ।

*ਸਿਮਿਅਨ:* ਕੀ ਤੁਸੀਂ ਇਸ ਗੱਲ ਨੂੰ ਬਿਲਕੁਲ ਵੀ ਤਵੱਜੋ ਨਹੀਂ ਦਿੰਦੇ ਕਿ ਤੁਸੀਂ ਆਪਣੇ ਦੁਆਰਾ ਕੀਤੇ ਗਏ ਕਿਸੇ ਵੀ ਕੰਮ ਦੁਆਰਾ ਪਰਮੇਸ਼ਰ ਦੇ ਸਾਹਮਣੇ ਆਪਣੀ ਤਾਰੀਫ਼ ਕਰੋ; ਅਤੇ ਕੀ ਤੁਸੀਂ ਮੰਨਦੇ ਹੋ ਕਿ ਮੁਕਤੀ ਕੇਵਲ ਯਿਸੂ ਮਸੀਹ ਦੇ ਲਹੂ ਅਤੇ ਉਸ ਦੀ ਧਾਰਮਿਕਤਾ ਰਾਹੀਂ ਪ੍ਰਾਪਤ ਹੁੰਦੀ ਹੈ?

*ਵੈਸਲੀ:* ਜੀ ਹਾਂ, ਮੁਕਤੀ ਕੇਵਲ ਯਿਸੂ ਮਸੀਹ ਦੇ ਰਾਹੀਂ ਹੀ ਪ੍ਰਾਪਤ ਹੁੰਦੀ ਹੈ।

*ਸਿਮਿਅਨ:* ਮੰਨ ਲਓ ਕਿ ਤੁਸੀਂ ਮਸੀਹ ਰਾਹੀਂ ਮੁਕਤੀ ਪ੍ਰਾਪਤ ਕਰ ਲਈ ਹੈ, ਪਰ ਕੀ ਅਜਿਹਾ ਨਹੀਂ ਹੈ ਕਿ ਉਸ ਤੋਂ ਬਾਦ ਆਪਣੇ ਆਪ ਨੂੰ ਬਚਾਏ ਰੱਖਣ ਦਾ ਸਾਰਾ ਕੰਮ ਤੁਹਾਨੂੰ ਆਪ ਆਪਣੀ ਸਮਰੱਥਾ ਵਿਚ ਕਰਨਾ ਪੈਂਦਾ ਹੈ?

*ਵੈਸਲੀ:* ਜੀ ਨਹੀਂ, ਜ਼ਰੂਰੀ ਹੈ ਕਿ ਸ਼ੁਰੂ ਤੋਂ ਲੈ ਕੇ ਅੰਤ ਤਕ ਮੈਂ ਮਸੀਹ ਰਾਹੀਂ ਹੀ ਬਚਾਇਆ ਜਾਵਾਂ।

*ਸਿਮਿਅਨ:* ਮੰਨ ਲਓ ਕਿ ਤੁਹਾਡਾ ਮਨ ਪਰਿਵਰਤਨ ਤਾਂ ਪਰਮੇਸ਼ਰ ਦੀ ਕਿਰਪਾ ਰਾਹੀਂ ਹੋਇਆ ਸੀ ਪਰ ਕੀ ਹੁਣ ਕਿਸੇ ਨਾ ਕਿਸੇ ਰੂਪ ਵਿਚ ਬਾਕੀ ਦਾ ਕੰਮ ਤੁਹਾਡੇ ਆਪਣੇ ਹੱਥ ਵਿਚ ਨਹੀਂ ਹੈ?

*ਵੈਸਲੀ:* ਜੀ ਨਹੀਂ।

*ਸਿਮਿਅਨ:* ਤਾਂ ਫਿਰ ਕੀ ਹਰ ਵੇਲੇ, ਹਰ ਘੜੀ ਪਰਮੇਸ਼ਰ ਹੀ ਤੁਹਾਨੂੰ ਸੰਭਾਲਦਾ ਹੈ, ਉਵੇਂ ਹੀ ਜਿਵੇਂ ਇਕ ਮਾਂ ਆਪਣੇ ਬੱਚੇ ਨੂੰ ਸੰਭਾਲਦੀ ਹੈ?

*ਵੈਸਲੀ:* ਜੀ ਹਾਂ, ਬਿਲਕੁਲ।

*ਸਿਮਿਅਨ:* ਕੀ ਤੁਹਾਡੀ ਸਾਰੀ ਆਸ ਪਰਮੇਸ਼ਰ ਦੀ ਕਿਰਪਾ ਅਤੇ ਦਯਾ ਵਿਚ ਹੈ ਕਿ ਉਹੀ ਤੁਹਾਨੂੰ ਉਸ ਦੇ ਸਵਰਗੀ ਰਾਜ ਵਿਚ ਸੁਰੱਖਿਅਤ ਰੱਖੇ?

*ਵੈਸਲੀ:* ਜੀ ਹਾਂ, ਉਸ ਤੋਂ ਇਲਾਵਾ ਮੇਰੀ ਹੋਰ ਕੋਈ ਆਸ ਨਹੀਂ ਹੈ।

ਸਿਮਿਅਨ ਨੂੰ ਸੰਤੁਸ਼ਟੀ ਪ੍ਰਾਪਤ ਹੋਈ। ਉਸ ਨੂੰ ਘੋਲ ਕਰਨ ਦਾ ਕੋਈ ਕਾਰਨ ਨਾ ਲੱਭਾ। ਉਸ ਨੇ ਆਪਣੀ ਇਹ ਕਾਲਪਨਿਕ ਕਿਰਪਾਨ ਆਪਣੀ ਮਿਆਨ ਵਿਚ ਵਾਪਿਸ ਪਾ ਲਈ। ਇਹ ਦੋਵੇਂ ਵਿਅਕਤੀ ਹੀ ਪਰਮੇਸ਼ਰ ਦੀ ਕਿਰਪਾ ਉੱਤੇ ਤਕੜਾਈ ਨਾਲ ਖੜ੍ਹੇ ਸਨ।

# 8

# ਤੁਹਾਡੀਆਂ ਗੱਲਾਂ ਤੁਹਾਨੂੰ ਧੋਖਾ ਦਿੰਦੀਆਂ ਹਨ

ਕੰਮਾਂ ਦਾ ਆਸਰਾ ਲੈਣ ਵਾਲੇ ਲੋਕ ਹੇਠ ਲਿਖੀਆਂ ਗੱਲਾਂ ਆਖ ਕੇ ਆਪਣੀ ਬੁੱਕਲ ਆਪ ਖੋਲ੍ਹ ਦਿੰਦੇ ਹਨ:

"ਮੈਂ ਆਪਣਾ ਸਰਬਉੱਤਮ ਕਰ ਰਿਹਾ ਹਾਂ।"

ਇਥੇ ਮੁਸ਼ਕਲ ਇਹ ਹੈ ਕਿ ਤੁਹਾਡੇ ਸਰਬਉੱਤਮ ਕੰਮ ਕਾਫ਼ੀ ਨਹੀਂ ਹਨ! ਤੁਹਾਡੇ ਸਾਰੇ "ਸਰਬਉੱਤਮ ਕੰਮ" ਪਰਮੇਸ਼ਰ ਦੀ ਨਜ਼ਰ ਵਿਚ ਪਲੀਤ ਕੱਪੜਿਆਂ ਵਾਂਗ ਹਨ।

"ਮੈਂ ਹੋਰਨਾਂ ਲੋਕਾਂ ਜਿੰਨਾ ਬੁਰਾ ਨਹੀਂ ਹਾਂ।"

ਇਹ ਸੱਚ ਹੋ ਸਕਦਾ ਹੈ ਪਰ ਤੁਸੀਂ ਪਰਮੇਸ਼ਰ ਦੀ ਸਿੱਧਤਾ ਦੀ ਕਸਵੱਟੀ ਉੱਤੇ ਖਰੇ ਨਹੀਂ ਉੱਤਰੇ ਹੋ ਅਤੇ ਤੁਹਾਨੂੰ ਮੁਕਤੀ ਪ੍ਰਾਪਤ ਕਰਨ ਦੀ ਲੋੜ ਹੈ।

"ਮੈਂ ਮਸੀਹੀ ਬਣਨ ਦਾ ਜਤਨ ਕਰ ਰਿਹਾ ਹਾਂ। ਮੈਂ ਆਪਣੇ ਗੁਆਂਢੀਆਂ ਪ੍ਰਤੀ ਦਿਆਲੂ ਹਾਂ ਅਤੇ ਮੈਂ ਸਾਦਗੀ ਭਰਿਆ ਜੀਵਨ ਜੀ ਰਿਹਾ ਹਾਂ।"

ਤੁਸੀਂ ਜਤਨ ਕਰਨ ਦੁਆਰਾ ਮਸੀਹੀ ਨਹੀਂ ਬਣ ਸਕਦੇ। ਮਸੀਹੀ ਬਣਨ ਲਈ ਤੁਹਾਨੂੰ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਾ ਪਵੇਗਾ। ਇਕ ਪੁਰਾਣੇ ਭਜਨ ਦੇ ਬੋਲ ਇਸ ਪ੍ਰਕਾਰ ਹਨ:

ਤੁਹਾਡਾ ਵਿਵੇਕ ਤੁਹਾਨੂੰ ਢਿੱਲ ਨਾ ਪਾਉਣ ਦੇਵੇ,<br>
ਨਾ ਹੀ ਕਾਬਲੀਅਤ ਹਾਸਿਲ ਕਰਨ ਦੇ ਸੁਪਨੇ।

ਉਹ ਕੇਵਲ ਇਕੋ ਕਾਬਲੀਅਤ ਮੰਗਦਾ ਹੈ
ਭਈ ਤੁਸੀਂ ਇਹ ਸਿਆਣੋ ਕਿ ਤੁਹਾਨੂੰ ਉਸ ਦੀ ਲੋੜ ਹੈ।

- ਐਚ. ਸਮਾਰਟ

"ਕੀ ਇਨ੍ਹਾਂ ਹੀ ਕਾਫ਼ੀ ਨਹੀਂ ਹੈ ਕਿ ਮੈਂ ਗੰਭੀਰ ਹਾਂ?"

ਇਨਸਾਨ ਗੰਭੀਰ ਹੁੰਦੇ ਹੋਏ ਵੀ ਬੜੀ ਭਾਰੀ ਗਲਤੀ ਕਰ ਸਕਦੇ ਹਨ। ਕੀ ਤੁਸੀਂ ਉਸ ਵਿਅਕਤੀ ਬਾਰੇ ਸੁਣਿਆ ਜਾਂ ਪੜ੍ਹਿਆ ਹੈ ਜਿਹੜਾ ਕੋਈ ਅਵਾਜ਼ ਸੁਣ ਕੇ ਹੇਠਲੇ ਕਮਰੇ ਵਿਚ ਇਹ ਸੋਚ ਕੇ ਆਇਆ ਕਿ ਕੋਈ ਚੋਰ ਚੋਰੀ ਕਰਨ ਆਇਆ ਹੈ? ਜਦੋਂ ਉਸ ਨੇ ਬੈਠਕ ਵਿਚ ਕੋਈ ਹਲਚਲ ਹੁੰਦੀ ਵੇਖੀ ਤਾਂ ਗੋਲੀ ਚਲਾ ਦਿੱਤੀ, ਪਰ ਉਹ ਕੋਈ ਚੋਰ ਨਹੀਂ ਸੀ, ਉਹ ਤਾਂ ਉਸ ਦੀ ਆਪਣੀ ਧੀ ਸੀ, ਜਿਸ ਨੂੰ ਉਸ ਨੇ ਆਪਣੇ ਹੱਥੀਂ ਜਾਨੋ ਮਾਰ ਦਿੱਤਾ ਸੀ। ਉਹ ਗੰਭੀਰ ਸੀ ਪਰ ਬੜੀ ਭਾਰੀ ਗਲਤੀ ਕਰ ਬੈਠਾ ਸੀ।

"ਮੈਂ ਤਾਂ ਬੜਾ ਹੀ ਧਾਰਮਿਕ ਰਿਹਾ ਹਾਂ।"

ਜ਼ਿਆਦਾਤਰ ਲੋਕਾਂ ਦੀ ਸਭ ਤੋਂ ਮਾੜੀ ਗੱਲ ਉਨ੍ਹਾਂ ਦਾ ਧਰਮ ਹੋ ਸਕਦਾ ਹੈ। ਇਹ ਉਨ੍ਹਾਂ ਦੇ ਜੀਵਨ ਵਿਚ ਮਸੀਹ ਦੀ ਲੋੜ ਨੂੰ ਲੁਕਾ ਦਿੰਦਾ ਹੈ। ਵਾਰਨ ਵਿਅਰਸਬੀ ਦੇ ਅਨੁਸਾਰ, "ਅੱਜ ਦੇ ਅਨੇਕਾਂ 'ਧਾਰਮਿਕ' ਲੋਕਾਂ ਦੀ ਤਰ੍ਹਾਂ ਪੌਲੁਸ ਵਿਚ ਇੰਨੀ ਕੁ ਨੈਤਿਕਤਾ ਤਾਂ ਹੈ ਸੀ ਜਿਹੜੀ ਉਸ ਨੂੰ ਸਮੱਸਿਆ ਤੋਂ ਬਾਹਰ ਰੱਖ ਸਕਦੀ ਸੀ, ਪਰ ਇੰਨੀ ਧਾਰਮਿਕਤਾ ਨਹੀਂ ਸੀ ਕਿ ਉਸ ਨੂੰ ਸਵਰਗ ਵਿਚ ਲੈ ਜਾਂਦੀ! ਪੌਲੁਸ ਨੂੰ ਯਿਸੂ ਤੋਂ ਦੂਰ ਬੁਰੀਆਂ ਗੱਲਾਂ ਨੇ ਨਹੀਂ ਸਗੋਂ ਚੰਗੀਆਂ ਗੱਲਾਂ ਨੇ ਰੱਖਿਆ ਸੀ! ਮੁਕਤੀ ਪ੍ਰਾਪਤ ਕਰਨ ਲਈ ਉਸ ਨੂੰ 'ਧਰਮ' ਤਿਆਗਣਾ ਪਿਆ।"[81]

"ਮੈਨੂੰ ਉਮੀਦ ਹੈ ਕਿ ਮੈਂ ਸਵਰਗ ਵਿਚ ਜਾਂਵਾਂਗਾ।"

ਕੇਵਲ ਉਮੀਦ ਕਰਨਾ ਹੀ ਕਾਫ਼ੀ ਨਹੀਂ ਹੈ; ਤੁਹਾਨੂੰ ਪੱਕੇ ਤੌਰ 'ਤੇ ਪਤਾ ਹੋਣਾ ਚਾਹੀਦਾ ਹੈ। ਇਹ ਵੀ ਸੰਭਵ ਹੈ ਕਿ ਤੁਹਾਡੀ ਉਮੀਦ ਗਲਤ ਹੋਵੇ।

"ਮੇਰੇ ਦਾਦਾ ਜੀ ਪ੍ਰਭੂ ਦੇ ਸੇਵਕ ਸਨ।"

ਇਹ ਗੱਲ ਇਸ ਤੱਥ ਨੂੰ ਅਣਦੇਖਾ ਕਰ ਦਿੰਦੀ ਹੈ ਕਿ ਮੁਕਤੀ ਪੂਰੀ ਤਰ੍ਹਾਂ ਨਿੱਜੀ ਮਸਲਾ ਹੈ। ਤੁਹਾਡੇ ਦਾਦਾ ਜੀ ਦਾ ਰੁਤਬਾ ਤੁਹਾਨੂੰ ਨਹੀਂ ਬਚਾਂਵੇਗਾ। ਕਿਰਪਾ ਨਸਲ ਦੇ ਵਿਚ ਲਹੂ ਦੇ ਨਾਲ ਨਹੀਂ ਵਗਦੀ ਹੈ। ਮੁਕਤੀ ਨਸਲ ਦਾ ਮਸਲਾ ਨਹੀਂ ਹੈ।

"ਅਸੀਂ ਉਦੋਂ ਤਕ ਕੁਝ ਨਹੀਂ ਕਹਿ ਸਕਦੇ ਜਦੋਂ ਤਕ ਪਰਮੇਸ਼ਰ ਸਭਨਾਂ ਦਾ ਨਿਆਂ ਨਹੀਂ ਕਰਦਾ।"

ਜੇਕਰ ਤੁਸੀਂ ਆਪਣਿਆਂ ਕੰਮਾਂ 'ਤੇ ਆਸਰਾ ਰੱਖੀ ਬੈਠੇ ਹੋ ਤਾਂ ਉਦੋਂ ਤਕ ਬੜੀ ਦੇਰ ਹੋ ਚੁੱਕੀ ਹੋਵੇਗੀ। ਤੁਹਾਨੂੰ ਪਰਮੇਸ਼ਰ ਦਾ ਤੋਹਫ਼ਾ ਅਰਥਾਤ ਸਦੀਪਕ ਜੀਵਨ ਪ੍ਰਭੂ ਯਿਸੂ ਮਸੀਹ ਦੇ ਜ਼ਰੀਏ ਨਿਸ਼ਚਿਤ ਤੌਰ 'ਤੇ ਪ੍ਰਾਪਤ ਹੋ ਸਕਦਾ ਹੈ।

"ਕੀ ਪਤਾ ਮੇਰਾ ਸੰਜੋਗ ਮੇਰਾ ਸਾਥ ਦੇ ਜਾਵੇ।"

ਜਦੋਂ ਤਕ ਤੁਸੀਂ ਮੁਕਤੀਦਾਤਾ ਦੀ ਥਾਂ ਆਪਣੇ ਆਪ 'ਤੇ ਭਰੋਸਾ ਰੱਖੀ ਰਖੋਗੇ ਉਦੋਂ ਤਕ ਕੋਈ ਸੰਜੋਗ ਤੁਹਾਡਾ ਸਾਥ ਨਹੀਂ ਦੇਵੇਗਾ।

"ਇਹ ਕਹਿਣਾ ਤਾਂ ਗੁਸਤਾਖੀ ਹੋਵੇਗੀ ਕਿ ਮੈਂ ਮੁਕਤੀ ਪ੍ਰਾਪਤ ਕਰ ਲਈ ਹੈ।"

ਜੇਕਰ ਮੁਕਤੀ ਕੰਮਾਂ ਰਾਹੀਂ ਪ੍ਰਾਪਤ ਹੋਣੀ ਹੁੰਦੀ ਤਾਂ ਸ਼ਾਇਦ ਇਹ ਗੱਲ ਸੱਚ ਹੋ ਸਕਦੀ ਸੀ। ਪਰ ਜਦੋਂ ਇਹ ਵਿਸ਼ਵਾਸ ਦੀ ਬੁਨਿਆਦ 'ਤੇ ਮਿਲਣ ਵਾਲਾ ਇਕ ਤੋਹਫ਼ਾ ਹੈ ਤਾਂ ਫਿਰ ਇਸ ਵਿਚ ਕੋਈ ਗੁਸਤਾਖੀ ਨਹੀਂ ਹੈ। ਪਰਮੇਸ਼ਰ ਆਖਦਾ ਹੈ ਕਿ ਜਿਹੜੇ ਲੋਕ ਤੋਬਾ ਕਰਕੇ ਵਿਸ਼ਵਾਸ ਕਰ ਲੈਂਦੇ ਹਨ ਉਹ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਕੀ ਇਹ ਵਿਸ਼ਵਾਸ ਕਰਨਾ ਗੁਸਤਾਖੀ ਹੈ? ਨਹੀਂ, ਪਰ ਉਸ ਦੇ ਵਚਨ ਉੱਤੇ ਸੰਦੇਹ ਕਰਨਾ ਗੁਸਤਾਖੀ ਜ਼ਰੂਰ ਹੈ। ਅਸਲ ਗੁਸਤਾਖੀ ਇਹੋ ਹੈ।

"ਪਹਿਲਾਂ ਮੈਨੂੰ ਆਪਣੀ ਜ਼ਿੰਦਗੀ ਪਾਕ-ਪਵਿੱਤਰ ਬਣਾਉਣੀ ਪਵੇਗੀ, ਹੈ ਕਿ ਨਹੀਂ?"

ਨਹੀਂ, ਅਜਿਹਾ ਨਹੀਂ ਹੈ। ਪਰਮੇਸ਼ਰ ਚਾਹੁੰਦਾ ਹੈ ਕਿ ਤੁਸੀਂ ਜਿਵੇਂ ਆਪਣਿਆਂ ਪਾਪਾਂ ਵਿਚ ਲਿਬੜੇ-ਤਿਬੜੇ ਹੋ ਉਵੇਂ ਹੀ ਉਸ ਕੋਲ ਆ ਜਾਓ। ਜੇਕਰ ਤੁਸੀਂ ਪਾਕ-ਪਵਿੱਤਰ ਹੋਣ ਦਾ ਇੰਤਜ਼ਾਰ ਕਰੀ ਜਾਓਗੇ ਤਾਂ ਕਦੇ ਵੀ ਉਸ ਦੇ ਕੋਲ ਨਹੀਂ ਆ ਸਕੋਗੇ। ਪਰਮੇਸ਼ਰ ਅਜਿਹੇ ਲੋਕਾਂ ਨੂੰ ਨਹੀਂ ਭਾਲਦਾ ਜਿਹੜੇ ਚੰਗੇ ਹਨ ਜਾਂ ਅਜਿਹੇ ਲੋਕ ਜਿਨ੍ਹਾਂ ਨੇ ਆਪਣੇ ਆਪ ਨੂੰ ਪਾਕ-ਪਵਿੱਤਰ ਬਣਾਉਣ ਦੇ ਬਥੇਰੇ ਜਤਨ ਕੀਤੇ ਹਨ। ਉਹ ਤਾਂ ਦੁਸ਼ਟ ਪਾਪੀਆਂ ਦੀ ਭਾਲ ਵਿਚ ਹੈ ਜਿਨ੍ਹਾਂ ਨੂੰ ਬਚਾ ਸਕੇ, ਧਰਮੀ ਠਹਿਰਾ ਸਕੇ ਅਤੇ ਮਹਿਮਾ ਵਿਚ ਲਿਜਾ ਸਕੇ।

"ਮੈਨੂੰ ਲਗਦਾ ਹੈ ਕਿ ਮੈਂ ਇਸ ਨੂੰ ਜ਼ਿਆਦਾ ਦੇਰ ਤਕ ਸੰਭਾਲ ਨਹੀਂ ਸਕਾਂਗਾ।"

ਜਦੋਂ ਤੁਸੀਂ ਇਹ ਸਿਆਣ ਜਾਓਗੇ ਕਿ ਮੁਕਤੀ ਕੇਵਲ ਕਿਰਪਾ ਦੇ ਸਬੱਬ ਨਾਲ ਹੀ ਮਿਲਦੀ ਹੈ ਉਦੋਂ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ ਪਵੇਗੀ। ਸਭ ਤੋਂ ਪਹਿਲਾਂ ਤਾਂ ਜਿਵੇਂ ਤੁਸੀਂ ਆਪਣੇ ਆਪ ਨੂੰ ਬਚਾ ਨਹੀਂ ਸਕਦੇ ਠੀਕ ਉਵੇਂ ਹੀ ਤੁਸੀਂ ਇਸ ਨੂੰ "ਸੰਭਾਲ" ਵੀ ਨਹੀਂ ਸਕਦੇ। ਪਰ ਜਿਹੜਾ ਅਦਭੁਤ ਮੁਕਤੀਦਾਤਾ ਤੁਹਾਨੂੰ ਮੁਕਤੀ ਦਿੰਦਾ ਹੈ ਉਹੀ "ਤੁਹਾਨੂੰ ਠੇਡੇ ਖਾਣ ਤੋਂ ਬਚਾ ਸੱਕਦਾ ਅਤੇ ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ ਅਨੰਦ ਸਹਿਤ ਨਿਰਮਲ ਖੜ੍ਹਾ ਕਰ ਸੱਕਦਾ ਹੈ।"[82]

ਉੱਪਰ ਲਿਖੀਆਂ ਗੱਲਾਂ 'ਤੇ ਧਿਆਨ ਦਵੋ ਕਿ 'ਮੈਂ' ਉੱਤੇ ਕਿੰਨਾ ਜ਼ੋਰ ਦਿੱਤਾ ਗਿਆ ਹੈ। ਮੁਕਤੀਦਾਤਾ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ ਗਿਆ ਹੈ। ਅਜਿਹਾ ਵਿਅਕਤੀ ਸੋਚਦਾ ਹੈ ਕਿ ਸਾਰਾ ਕੁਝ ਉਸ ਉੱਤੇ ਅਤੇ ਉਸ ਦਿਆਂ ਕੰਮਾਂ ਉੱਤੇ ਨਿਰਭਰ ਕਰਦਾ ਹੈ।

# 9

# ਤੁਹਾਡੇ ਕੰਮਾਂ ਵਿਚ ਕੀ ਖਾਮੀ ਹੈ?

ਸਾਡੀਆਂ ਗੱਲਾਂ ਤੋਂ ਸ਼ਾਇਦ ਇਹ ਜਾਪੇ ਕਿ ਅਸੀਂ ਕੰਮਾਂ ਉੱਤੇ ਬਿਲਕੁਲ ਵਿਸ਼ਵਾਸ ਨਹੀਂ ਕਰਦੇ। ਅਜਿਹੀ ਸੋਚ ਗਲਤ ਹੈ।

ਜਦੋਂ ਅਸੀਂ ਆਖਦੇ ਹਾਂ ਕਿ ਸਾਨੂੰ ਮੁਕਤੀ ਕੰਮਾਂ ਰਾਹੀ ਨਹੀਂ ਮਿਲਦੀ ਹੈ, ਤਾਂ ਸਾਡੇ ਕਹਿਣ ਦਾ ਭਾਵ ਅਜਿਹੇ ਕੰਮਾਂ ਤੋਂ ਹੈ ਜਿਹੜੇ ਸਾਨੂੰ *ਕਾਬਲੀਅਤ* ਬਖਸ਼ਦੇ ਹਨ ਅਤੇ ਪਰਮੇਸ਼ਰ ਨੂੰ ਮਜ਼ਬੂਰ ਕਰਦੇ ਹਨ ਕਿ ਉਹ ਸਾਨੂੰ ਮੁਕਤੀ ਦੇਵੇ। ਸਾਡਾ ਭਾਵ ਅਜਿਹੇ ਕੰਮਾਂ ਤੋਂ ਹੈ ਜਿਨ੍ਹਾਂ ਦੁਆਰਾ ਅਸੀਂ ਸਵਰਗ ਵਿਚ ਇਕ ਥਾਂ ਕਮਾਉਣਾ ਜਾਂ ਹਾਸਲ ਕਰਨਾ ਚਾਹੁੰਦੇ ਹਾਂ।

ਵੈਸੇ ਵੇਖਿਆ ਜਾਵੇ ਤਾਂ ਤੋਬਾ ਕਰਨਾ ਅਤੇ ਵਿਸ਼ਵਾਸ ਕਰਨਾ ਵੀ ਕੰਮ ਹੀ ਹਨ, ਪਰ ਇਹ ਅਜਿਹੇ ਕੰਮ ਨਹੀਂ ਹਨ ਜਿਹੜੇ ਸਾਨੂੰ *ਕਾਬਲੀਅਤ* ਬਖਸ਼ਦੇ ਹਨ। ਤੋਬਾ ਕਰਨ ਦਾ ਅਰਥ ਹੈ ਵਾਪਸ ਮੁੜਨਾ ਤਾਂ ਜੋ ਤੁਹਾਡਾ ਮੂੰਹ ਪਰਮੇਸ਼ਰ ਵੱਲ ਹੋ ਜਾਵੇ ਅਤੇ ਤੁਹਾਡੀ ਪਿੱਠ ਪਾਪ ਵੱਲ। ਵਿਸ਼ਵਾਸ ਦਾ ਅਰਥ ਹੈ ਪਰਮੇਸ਼ਰ ਦੇ ਵਚਨ ਉੱਤੇ ਵਿਸ਼ਵਾਸ ਕਰਨਾ, ਉਹ ਵਚਨ ਜਿਹੜਾ ਕਦੇ ਝੂਠ ਨਹੀਂ ਬੋਲ ਸਕਦਾ। ਤੋਬਾ ਅਤੇ ਵਿਸ਼ਵਾਸ ਅਜਿਹੀਆਂ ਗੱਲਾਂ ਨਹੀਂ ਹਨ ਜਿਨ੍ਹਾਂ ਬਾਰੇ ਤੁਸੀਂ ਕੋਈ ਘਮੰਡ ਕਰ ਸਕੋ। ਇਹ ਤਾਂ ਉਹ ਵਾਜਬ ਕਦਮ ਹਨ ਜਿਹੜੇ ਹਰੇਕ ਨੂੰ ਚੁੱਕਣੇ ਹੀ ਚਾਹੀਦੇ ਹਨ।

ਜੇਕਰ ਕੋਈ ਪਾਪੀ ਕੋਈ ਚੰਗਾ ਕੰਮ ਕਰ ਸਕਦਾ ਹੈ ਤਾਂ ਉਹ ਹੈ ਮਸੀਹ ਉੱਤੇ ਵਿਸ਼ਵਾਸ ਕਰਨਾ। ਜਦੋਂ ਯਹੂਦੀਆਂ ਨੇ ਯਿਸੂ ਨੂੰ ਪੁੱਛਿਆ, "ਪਰਮੇਸ਼ੁਰ ਦੇ ਕੰਮ ਦੇ ਕਰਨ ਨੂੰ ਅਸੀਂ ਕੀ ਕਰੀਏ? ਯਿਸੂ ਨੇ ਉਨ੍ਹਾਂ ਨੂੰ

ਉੱਤਰ ਦਿੱਤਾ, "ਪਰਮੇਸ਼ੁਰ ਦਾ ਕੰਮ ਏਹ ਹੈ ਕਿ ਜਿਸ ਨੂੰ ਉਨ ਭੇਜਿਆ ਹੈ ਉਸ ਉੱਤੇ ਤੁਸੀਂ ਨਿਹਚਾ ਕਰੋ।"[83]

ਜਦੋਂ ਤਕ ਉਹ ਇਹ ਨਹੀਂ ਕਰ ਲੈਂਦਾ ਉਦੋਂ ਤਕ ਪਰਮੇਸ਼ਰ ਦੀਆਂ ਨਜ਼ਰਾਂ ਵਿਚ ਉਸ ਦੇ ਚੰਗੇ ਕੰਮ ਵੀ ਮਾੜੇ ਹੀ ਰਹਿਣਗੇ। ਆਪਣਾ ਸਰਬਉੱਤਮ ਕਰਨ 'ਤੇ ਵੀ ਉਹ ਪ੍ਰਭੂ ਦੀਆਂ ਨਜ਼ਰਾਂ ਵਿਚ ਕੇਵਲ ਪਲੀਤ ਕੱਪੜੇ ਹੀ ਪੇਸ਼ ਕਰੇਗਾ।[84] ਪਰ ਜਿਵੇਂ ਹੀ ਪਾਪੀ ਨਵਾਂ ਜਨਮ ਪ੍ਰਾਪਤ ਕਰਦਾ ਹੈ, ਇਹ ਸਭ ਬਦਲ ਜਾਂਦਾ ਹੈ। ਉਸ ਤੋਂ ਬਾਦ ਉਹ ਪਰਮੇਸ਼ਰ ਦੇ ਵਚਨ ਦੀ ਆਗਿਆਕਾਰੀ ਕਰਦਿਆਂ ਜੋ ਕੁਝ ਵੀ ਕਰਦਾ ਹੈ ਉਹ ਹੁਣ ਚੰਗਾ ਕੰਮ ਬਣ ਜਾਂਦਾ ਹੈ। ਉਹ ਪ੍ਰਭੂ ਲਈ ਜੋ ਕੁਝ ਵੀ ਕਰਦਾ ਹੈ ਉਹ ਪਰਵਾਨ ਹੁੰਦਾ ਜਾਂਦਾ ਹੈ। ਇਥੋਂ ਤਕ ਕਿ ਨਿੱਕੇ-ਨਿੱਕੇ ਕੰਮ ਵੀ ਉਦੋਂ ਚੰਗੇ ਕੰਮ ਬਣ ਜਾਂਦੇ ਹਨ ਜਦੋਂ ਉਹ ਪ੍ਰਭੂ ਨੂੰ ਪ੍ਰਸੰਨ ਕਰਨ ਲਈ ਕੀਤੇ ਜਾਂਦੇ ਹਨ। ਅਸੀਂ ਕਦੇ-ਕਦੇ ਇਹ ਸੋਚਦੇ ਹਾਂ ਕਿ ਚੰਗੇ ਕੰਮਾਂ ਦਾ ਅਰਥ ਕੇਵਲ ਇਹ ਹੈ ਕਿ ਦਯਾ ਅਤੇ ਦਾਨਪੁੰਨ ਦੇ ਕੰਮ ਕੀਤੇ ਜਾਣ ਅਤੇ ਮਸੀਹੀ ਸੇਵਾ ਕੀਤੀ ਜਾਵੇ। ਪਰ ਸਾਡੇ ਰੋਜਾਨਾ ਦੇ ਕੰਮ-ਧੰਦੇ ਅਤੇ ਘਰ ਦੇ ਕੰਮ ਵੀ ਪਰਮੇਸ਼ਰ ਦੀਆਂ ਨਜ਼ਰਾਂ ਵਿਚ ਮਾਅਨੇ ਰੱਖਦੇ ਹਨ ਅਤੇ ਮਸੀਹ ਦੇ ਨਿਆਂ ਸਿੰਘਾਸਣ ਦੇ ਸਾਹਮਣੇ ਉਨ੍ਹਾਂ ਦਾ ਪ੍ਰਤੀਫਲ ਵੀ ਦਿੱਤਾ ਜਾਵੇਗਾ।

ਭਲੇ ਜਾਂ ਚੰਗੇ ਕੰਮ ਮੁਕਤੀ ਦਾ ਫਲ ਹਨ *ਜੜ੍ਹ* ਨਹੀਂ: ਨਤੀਜਾ ਹਨ ਕਾਰਨ ਨਹੀਂ। ਬਾਈਬਲ ਬਾਰ-ਬਾਰ ਸਿਖਾਉਂਦੀ ਹੈ ਕਿ ਵਿਸ਼ਵਾਸੀਆਂ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ।[85] *ਇਸ ਲਈ ਨਹੀਂ* ਕਿ ਉਹ ਮੁਕਤੀ ਪ੍ਰਾਪਤ ਕਰਨ, ਸਗੋਂ *ਇਸ ਲਈ ਕਿ* ਉਹ ਮੁਕਤੀ ਪ੍ਰਾਪਤ ਕਰ ਚੁੱਕੇ ਹਨ। ਅਸੀਂ ਚੰਗੇ ਕੰਮਾਂ *ਰਾਹੀਂ* ਨਹੀਂ ਬਚਾਏ ਗਏ ਹਾਂ ਸਗੋਂ ਅਸੀਂ ਤਾਂ ਚੰਗੇ ਕੰਮ *ਕਰਨ ਲਈ* ਬਚਾਏ ਗਏ ਹਾਂ। ਇਹ ਮੁਕਤੀ ਦਾ ਫਲ ਅਤੇ ਪੁਸ਼ਟੀ ਹਨ।

ਅਸੀਂ ਉਸ ਨੂੰ ਵੱਖਰਾ ਨਾ ਕਰੀਏ ਜਿਸ ਨੂੰ ਪਰਮੇਸ਼ਰ ਨੇ ਜੋੜਿਆ ਹੈ। ਉਸ ਨੇ ਵਿਸ਼ਵਾਸ ਅਤੇ ਮੁਕਤੀ ਨੂੰ, ਕੰਮਾਂ ਅਤੇ ਪ੍ਰਤੀਫਲ ਨੂੰ ਆਪਸ ਵਿਚ ਜੋੜਿਆ ਹੈ। ਇਨ੍ਹਾਂ ਦੋ ਵਿਆਹਾਂ ਨੂੰ ਚੇਤੇ ਰੱਖੋ ਤਾਂ ਸਭਕੁਝ ਵਧੀਆ ਰਹੇਗਾ।

# 10

# ਮੈਨੂੰ ਇਸ ਸਵਾਲ ਦਾ ਜਵਾਬ ਦਿਓ

## ਜੇਕਰ ਤੁਸੀਂ ਪਾਪ ਕਰਦੇ ਹੋ ਤਾਂ ਤੁਸੀਂ ਆਪਣੀ ਮੁਕਤੀ ਗੁਆ ਬੈਠਦੇ ਹੋ, ਹੈ ਕਿ ਨਹੀਂ?

ਇਹ ਸਵਾਲ ਹਮੇਸ਼ਾ ਉੱਠਦਾ ਰਹਿੰਦਾ ਹੈ, "ਜਦੋਂ ਵਿਸ਼ਵਾਸੀ ਪਾਪ ਕਰਦਾ ਹੈ ਤਾਂ ਕੀ ਉਹ ਆਪਣੀ ਮੁਕਤੀ ਗੁਆ ਨਹੀਂ ਦਿੰਦਾ?" ਬਿਲਕੁਲ ਨਹੀਂ। ਹੇਠ ਲਿਖੀਆਂ ਗੱਲਾਂ 'ਤੇ ਧਿਆਨ ਦਓ:

ਯਿਸੂ ਨੇ ਕਿਹਾ ਕਿ ਉਸ ਦੀ ਕੋਈ ਵੀ ਭੇਡ ਕਦੇ ਵੀ ਨਾਸ ਨਹੀਂ ਹੋਵੇਗੀ।[86] ਇਸ ਮਾਮਲੇ ਨੂੰ ਇਥੇ ਹੀ ਮੁਕਾਉਣ ਲਈ ਇਹ ਕਾਫ਼ੀ ਹੋਣਾ ਚਾਹੀਦਾ ਹੈ।

ਮੁਕਤੀ ਕਿਰਪਾ ਦਾ ਇਕ ਤੋਹਫ਼ਾ ਹੈ। ਜਦੋਂ ਪਰਮੇਸ਼ਰ ਕੋਈ ਤੋਹਫ਼ਾ ਦਿੰਦਾ ਹੈ, ਤਾਂ ਉਹ ਉਸ ਨੂੰ ਕਦੇ ਵੀ ਵਾਪਸ ਨਹੀਂ ਲੈਂਦਾ।[87]

ਜਿਹੜੀ ਕਿਰਪਾ ਬਚਾਉਂਦੀ ਹੈ ਉਹੀ ਕਿਰਪਾ ਸੁਰੱਖਿਅਤ ਵੀ ਰੱਖਦੀ ਹੈ।[88]

ਪਰਮੇਸ਼ਰ ਦਾ ਤੋਹਫ਼ਾ *ਸਦੀਪਕ* ਜੀਵਨ ਹੈ।[89] "ਸਦੀਪਕ" ਦਾ ਅਰਥ ਹੈ *ਸਦਾਕਾਲ।*

ਜਦੋਂ ਕੋਈ ਵਿਅਕਤੀ ਮੁਕਤੀ ਪ੍ਰਾਪਤ ਕਰਦਾ ਹੈ, ਤਾਂ ਉਹ ਨਵਾਂ ਜਨਮ ਪ੍ਰਾਪਤ ਕਰ ਕੇ ਪਰਮੇਸ਼ਰ ਦੀ ਸੰਤਾਨ ਬਣ ਜਾਂਦਾ ਹੈ।[90] ਜਦੋਂ ਬੱਚਾ ਜਨਮ ਲੈ ਲੈਂਦਾ ਹੈ ਤਾਂ ਉਸ ਨੂੰ ਵਾਪਸ ਕੁੱਖ ਵਿਚ ਨਹੀਂ ਪਾਇਆ

ਜਾ ਸਕਦਾ। ਇਹ ਸਦਾਕਾਲ ਲਈ ਹੈ। ਇਹ ਸਬੰਧ ਇਕ ਅਟੁੱਟ ਲੜੀ ਹੈ।

ਧਰਮੀ ਠਹਿਰਾਇਆ ਜਾਣਾ ਜਿੰਨੀ ਪੱਕੀ ਸੱਚਾਈ ਹੈ ਉੱਨੀ ਹੀ ਪੱਕੀ ਸੱਚਾਈ ਇਹ ਵੀ ਹੈ ਕਿ ਇਕ ਦਿਨ ਉਹ ਮਹਿਮਾ ਵੀ ਪ੍ਰਾਪਤ ਕਰੇਗਾ।[91]

ਪਵਿੱਤਰ ਆਤਮਾ ਵਿਸ਼ਵਾਸੀਆਂ ਦੇ ਅੰਦਰ ਸਦਾਕਾਲ ਲਈ ਨਿਵਾਸ ਕਰਦਾ ਹੈ,[92] ਅਜਿਹਾ ਨਹੀਂ ਹੈ ਕਿ ਉਨ੍ਹਾਂ ਦੇ ਪਾਪ ਕਰਦਿਆਂ ਹੀ ਉਹ ਉਨ੍ਹਾਂ ਨੂੰ ਛੱਡ ਜਾਂਦਾ ਹੈ।

ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਸਵਰਗ ਦੀ ਇਕ ਸਾਈ ਜਾਂ ਪੇਸ਼ਗੀ ਵੱਜੋਂ ਦਿੱਤਾ ਜਾਂਦਾ ਹੈ।[93] ਉਹ ਅੰਤ ਵਿਚ ਮਿਲਣ ਵਾਲੀ ਮਹਿਮਾ ਦੀ ਇਕ ਗਾਰੰਟੀ ਹੈ। ਪਵਿੱਤਰ ਆਤਮਾ ਵਿਸ਼ਵਾਸੀਆਂ ਉੱਤੇ ਲੱਗੀ ਹੋਈ ਇਕ ਛਾਪ ਹੈ, ਪ੍ਰਭੂ ਦੀ ਮਲਕੀਅਤ ਦਾ ਸਬੂਤ ਹੈ, ਅਤੇ ਉਦੋਂ ਤਕ ਉਸ ਦੀ ਸੁਰੱਖਿਆ ਦਾ ਸਬੂਤ ਹੈ ਜਦੋਂ ਤਕ ਕਿ ਉਨ੍ਹਾਂ ਨੂੰ ਸਵਰਗ ਵਿਚ ਜਲਾਲੀ ਦੇਹ ਨਹੀਂ ਮਿਲ ਜਾਂਦੀ।[94]

ਜਦੋਂ ਅਸੀਂ ਪਰਮੇਸ਼ਰ ਦੇ ਦੁਸ਼ਮਣ ਸਾਂ ਉਦੋਂ ਯਿਸੂ ਨੇ ਸਾਡਾ ਮੇਲ ਪਰਮੇਸ਼ਰ ਨਾਲ ਕਰਵਾ ਦਿੱਤਾ। ਤਾਂ ਹੁਣ ਉਹ ਆਪਣੀ ਸਵਰਗੀ ਸੇਵਾ ਦੇ ਰਾਹੀਂ ਸਾਨੂੰ ਸੁਰੱਖਿਅਤ ਕਿਉਂ ਨਾ ਰੱਖੇਗਾ![95] ਉਸ ਨੇ ਸਾਨੂੰ ਬਚਾਉਣ ਲਈ ਇੰਨੀ ਵੱਡੀ ਕੀਮਤ ਅਦਾ ਕੀਤੀ ਹੈ ਕਿ ਹੁਣ ਉਹ ਸਾਨੂੰ ਦੁਬਾਰਾ ਗੁਆਚਣ ਨਹੀਂ ਦੇਵੇਗਾ।

ਵਿਸ਼ਵਾਸੀਆਂ ਨੂੰ ਕਦੇ ਵੀ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ।[96] ਪਰਮੇਸ਼ਰ ਹੁਣ ਉਸ ਦਾ ਪਿਤਾ ਹੈ ਉਸ ਦਾ ਨਿਆਂਈ ਨਹੀਂ।

ਮਸੀਹ ਨੇ ਮਸੀਹੀਆਂ ਦੇ ਪਾਪਾਂ ਦਾ ਹਰਜਾਨਾ ਭਰ ਦਿੱਤਾ ਹੈ।[97] ਇਸ ਦਾ ਅਰਥ ਹੈ ਕਿ ਵਿਸ਼ਵਾਸੀਆਂ ਨੂੰ ਇਹ ਕਦੇ ਵੀ ਅਦਾ ਨਹੀਂ ਕਰਨਾ ਪਵੇਗਾ। ਇਕੋ ਕੀਮਤ ਹਮੇਸ਼ਾ ਲਈ ਕਾਫ਼ੀ ਹੈ।

ਪ੍ਰਭੂ ਯਿਸੂ ਮਸੀਹ ਨੇ ਕੰਮ ਪੂਰਾ ਕਰ ਦਿੱਤਾ ਹੈ।[98] ਉਸ ਦੁਆਰਾ ਪੂਰੇ ਕੀਤੇ ਜਾ ਚੁੱਕੇ ਕੰਮ ਵਿਚ ਤੁਸੀਂ ਕੁਝ ਵੀ ਜੋੜ ਨਹੀਂ ਸਕਦੇ। ਅਤੇ ਤੁਹਾਨੂੰ ਅਜਿਹਾ ਕਰਨ ਦੀ ਲੋੜ ਵੀ ਨਹੀਂ ਹੈ।

ਬ੍ਰਹਿਮੰਡ ਵਿਚ ਅਜਿਹਾ ਕੁਝ ਵੀ ਨਹੀਂ ਹੈ ਜਿਹੜਾ ਵਿਸ਼ਵਾਸੀਆਂ ਨੂੰ ਪਰਮੇਸ਼ਰ ਦੇ ਪ੍ਰੇਮ ਤੋਂ ਜੁਦਾ ਕਰ ਸਕਦਾ ਹੈ।[99]

ਇਹ ਸੱਚ ਹੈ ਕਿ ਬਾਈਬਲ ਵਿਚ ਅਜਿਹੀਆਂ ਕੁਝ ਆਇਤਾਂ ਹਨ ਜਿਹੜੀਆਂ ਇਹ ਆਖਦੀਆਂ ਹੋਈਆਂ ਜਾਪਦੀਆਂ ਹਨ ਕਿ ਕੋਈ ਵਿਅਕਤੀ ਮੁਕਤੀ ਪ੍ਰਾਪਤ ਕਰਨ ਮਗਰੋਂ ਵੀ ਆਪਣੇ ਪਾਪ ਦੇ ਨਤੀਜੇ ਵੱਜੋਂ ਦੁਬਾਰਾ ਨਾਸ ਹੋ ਸਕਦਾ ਹੈ। ਅਜਿਹੀ ਜ਼ਿਆਦਾਤਰ ਆਇਤਾਂ ਨਵਾਂ ਜਨਮ ਪ੍ਰਾਪਤ ਵਿਸ਼ਵਾਸੀਆਂ ਦੀ ਥਾਂ ਨਾਮਧਾਰੀ ਮਸੀਹੀਆਂ ਬਾਰੇ ਗੱਲ ਕਰਦੀਆਂ ਹਨ। ਬਾਕੀ ਦੀਆਂ ਆਇਤਾਂ ਮੁਕਤੀ ਦੀ ਥਾਂ ਸੇਵਾ ਬਾਰੇ ਗੱਲ ਕਰਦੀਆਂ ਹਨ। ਅਤੇ ਕੁਝ ਆਇਤਾਂ ਕਾਫ਼ਰਾਂ ਅਰਥਾਤ ਪ੍ਰਭੂ ਤੋਂ ਬੇਮੁਖ ਹੋ ਚੁੱਕੇ ਲੋਕਾਂ ਬਾਰੇ ਗੱਲ ਕਰਦੀਆਂ ਹਨ — ਉਨ੍ਹਾਂ ਬਾਰੇ ਜਿਨ੍ਹਾਂ ਨੇ ਕਿਸੇ ਸਮੇਂ ਮਸੀਹ ਨੂੰ ਵਿਸ਼ਵਾਸ ਨਾਲ ਕਬੂਲ ਕੀਤਾ ਸੀ ਪਰ ਬਾਦ ਵਿਚ ਉਨ੍ਹਾਂ ਨੇ ਮਸੀਹ ਨੂੰ ਤਿਆਗ ਦਿੱਤਾ, ਅਤੇ ਇਹ ਦਰਸ਼ਾਇਆ ਕਿ ਉਨ੍ਹਾਂ ਨੇ ਕਦੇ ਸੱਚੀ ਤੋਬਾ ਕਦੇ ਕੀਤੀ ਹੀ ਨਹੀਂ ਸੀ।

## ਠੀਕ ਹੈ, ਪਰ ਮੰਨ ਲਓ ਕਿ ਵਿਸ਼ਵਾਸੀ ਤੋਂ ਪਾਪ ਹੋ ਜਾਵੇ ਤਾਂ ਕੀ ਹੋਵੇਗਾ?

ਜਦੋਂ ਕੋਈ ਵਿਸ਼ਵਾਸੀ ਪਾਪ ਕਰ ਬੈਠਦਾ ਹੈ ਤਾਂ ਕੀ ਹੁੰਦਾ ਹੈ?

ਪਰਮੇਸ਼ਰ ਦੇ ਨਾਲ ਉਸ ਦੀ ਸੰਗਤੀ ਟੁੱਟ ਜਾਂਦੀ ਹੈ।[100] ਪਰਮੇਸ਼ਰ ਅਜੇ ਵੀ ਉਸ ਦਾ ਪਿਤਾ ਰਹਿੰਦਾ ਹੈ[101] ਪਰ ਉਸ ਦੇ ਨਾਲ ਉਸ ਦਾ ਸੰਪਰਕ ਟੁੱਟ ਜਾਂਦਾ ਹੈ।

ਸੰਗੀ ਵਿਸ਼ਵਾਸੀਆਂ ਦੇ ਨਾਲ ਉਸ ਦੀ ਸੰਗਤੀ ਟੁੱਟ ਜਾਂਦੀ ਹੈ।[102]

ਉਸ ਦੀ ਮੁਕਤੀ ਦਾ ਅਨੰਦ ਚਲਿਆ ਜਾਂਦਾ ਹੈ।[103]

ਉਹ ਆਪਣੀ ਸਮਰੱਥਾ ਗੁਆ ਬੈਠਦਾ ਹੈ।[104]

ਉਹ ਆਪਣੀ ਪ੍ਰਭਾਵਸ਼ਾਲੀ ਗਵਾਹੀ ਨੂੰ ਗੁਆ ਬੈਠਦਾ ਹੈ[105] ਉਸ ਦੇ ਬੁੱਲ੍ਹ ਸਿਉਂਤੇ ਜਾਂਦੇ ਹਨ। ਮਸੀਹ ਦੀ ਕਾਬਲੀਅਤ ਦੇ ਕਾਰਨ ਅਜੇ ਵੀ ਉਹ ਸਵਰਗ ਦਾ ਵਸਨੀਕ ਬਣਨ ਦੇ ਯੋਗ ਹੈ, ਪਰ ਧਰਤੀ ਉੱਤੇ ਸੇਵਾ ਕਰਨ ਦੇ ਯੋਗ ਨਹੀਂ ਰਿਹਾ ਹੈ।

ਜੇਕਰ ਉਸ ਦਾ ਪਾਪ ਜਨਤਕ ਪੱਧਰ ਦਾ ਹੈ ਤਾਂ ਉਹ ਪ੍ਰਭੂ ਯਿਸੂ ਦੇ ਨਾਮ ਦੀ ਬਦਨਾਮੀ ਦਾ ਸਬੱਬ ਬਣਦਾ ਹੈ, ਅਤੇ ਮੁਕਤੀਦਾਤਾ ਦੇ ਦੁਸ਼ਮਣਾਂ ਨੂੰ ਉਸ ਦੀ ਨਿੰਦਾ ਕਰਨ ਦਾ ਮੌਕਾ ਮਿਲ ਜਾਂਦਾ ਹੈ।[106]

ਉਹ ਝੂਠਾ ਜੀਵਨ ਜੀ ਰਿਹਾ ਹੈ। ਉਸ ਦੀਆਂ ਕਰਤੂਤਾਂ ਇਹ ਸੰਦੇਹ ਪੈਦਾ ਕਰ ਦਿੰਦੀਆਂ ਹਨ ਕਿ ਉਸ ਦਾ ਸੱਚਾ ਮਨ ਪਰਿਵਰਤਨ ਹੋਇਆ ਵੀ ਹੈ ਜਾਂ ਨਹੀਂ।[107] ਇਹ ਸਿੱਧਾ-ਸਿੱਧਾ ਉੱਚੇ ਬੋਲਾਂ ਅਤੇ ਨੀਵੇਂ ਚਾਲਚਲਣ ਦਾ ਮਸਲਾ ਹੈ। ਉਹ ਗੱਲਾਂ ਤਾਂ ਮੱਖਣ-ਮਲਾਈਆਂ ਜਿਹੀਆਂ ਕਰਦਾ ਹੈ ਪਰ ਉਸ ਦੀ ਜ਼ਿੰਦਗੀ ਕੱਚੀ ਲੱਸੀ ਵਰਗੀ ਹੈ।

ਉਹ ਪ੍ਰਾਰਥਨਾ ਰਾਹੀਂ ਪਰਮੇਸ਼ਰ ਦੀ ਹਜ਼ੂਰੀ ਵਿਚ ਜਾਣ ਦੇ ਸਨਮਾਨ ਨੂੰ ਗੁਆ ਬੈਠਦਾ ਹੈ।[108]

ਉਸ ਦੇ ਕੰਮ ਸੜ ਜਾਣਗੇ, ਪਰ ਉਹ ਆਪ ਬਚ ਜਾਵੇਗਾ।[109]

ਉਹ ਆਪਣੀ ਸਿਹਤ ਵੀ ਗੁਆ ਸਕਦਾ ਹੈ।[110]

ਉਸ ਉੱਤੇ ਇਹ ਵੀ ਖ਼ਤਰਾ ਹੈ ਕਿ ਉਸ ਦੀ ਜ਼ਿੰਦਗੀ ਦਾ ਬੇੜਾ ਡੁੱਬ ਜਾਵੇ।[111] ਵਿਸ਼ਵਾਸ ਵਿਚ ਠੰਡੇ ਪਏ ਹੋਏ ਵਿਅਕਤੀ ਦਾ ਇਕ ਫੈਸਲਾ ਵੀ ਉਸ ਨੂੰ ਸਾਰੀ ਉਮਰ ਵਾਸਤੇ ਪ੍ਰਭੂ ਦੀ ਸੇਵਾ ਲਈ ਨਿਕੰਮਾ ਬਣਾ ਸਕਦਾ ਹੈ।

ਇਥੋਂ ਤਕ ਕਿ ਉਸ ਦਾ ਧਰਤੀ ਉਤਲਾ *ਸਰੀਰਕ* ਜੀਵਨ ਵੀ ਸਮਾਪਤ ਹੋ ਸਕਦਾ ਹੈ।[112]

ਉਹ ਮਸੀਹ ਦੇ ਨਿਆਂ ਸਿੰਘਾਸਣ 'ਤੇ ਆਪਣੇ ਪ੍ਰਤੀਫਲ ਗੁਆ ਸਕਦਾ ਹੈ।[113]

ਪਰ ਆਸ ਅਜੇ ਖ਼ਤਮ ਨਹੀਂ ਹੋਈ ਹੈ। ਪਰਮੇਸ਼ਰ ਕੋਲ ਵਾਪਸ ਆਉਣ ਦਾ ਇਕ ਰਾਹ ਹੈ। ਜਿਵੇਂ ਹੀ ਇਹ ਵਿਅਕਤੀ ਆਪਣਿਆਂ ਪਾਪਾਂ ਨੂੰ ਮੰਨ ਲੈਂਦਾ ਅਤੇ ਉਨ੍ਹਾਂ ਨੂੰ ਛੱਡ ਦਿੰਦਾ ਹੈ,[114] ਉਹ ਆਪਣੇ ਪਿਤਾ ਪਰਮੇਸ਼ਰ ਕੋਲੋਂ ਮਾਫ਼ੀ ਪ੍ਰਾਪਤ ਕਰ ਲੈਂਦਾ ਹੈ। 1 ਯੂਹੰਨਾ 1:9 ਇਸੇ ਗੱਲ ਉੱਤੇ ਜ਼ੋਰ ਦਿੰਦਾ ਹੈ। ਇਸ ਵਿਚ ਲਿਖਿਆ ਹੈ, "ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।" ਪਾਪ ਕਰਨ ਵਾਲੇ ਵਿਸ਼ਵਾਸੀ ਦੀ ਜ਼ਿੰਮੇਵਾਰੀ ਇਹ ਹੈ ਕਿ ਉਹ ਆਪਣੇ ਪਾਪ ਦਾ ਇਕਰਾਰ ਕਰੇ, ਅਰਥਾਤ ਆਪਣੇ ਪਾਪ ਮੰਨ ਲਵੇ, ਪ੍ਰਭੂ ਦੀ ਹਜ਼ੂਰੀ ਵਿਚ ਆਪ ਉਨ੍ਹਾਂ ਪਾਪਾਂ ਦੇ ਨਾਮ ਲੈ ਕੇ ਬੋਲੇ। ਉਸ ਨੂੰ ਪ੍ਰਭੂ ਕੋਲੋਂ ਮਾਫ਼ੀ ਦੀ ਭੀਖ ਮੰਗਣ ਦੀ ਲੋੜ ਨਹੀਂ ਹੈ। ਭਾਵੇਂ ਕਿ ਵਿਰਲਾਪ ਕਰਨਾ ਠੀਕ ਹੈ ਪਰ ਫਿਰ ਵੀ ਉਸ ਨੂੰ ਉਨ੍ਹਾਂ ਉੱਤੇ

ਪਿੱਟ-ਸਿਆਪਾ ਪਾਉਣ ਦੀ ਲੋੜ ਨਹੀਂ ਹੈ। ਉਹ ਕੇਵਲ ਉਨ੍ਹਾਂ ਨੂੰ ਦਿਲੋਂ ਮੰਨ ਲਵੇ।

ਪਰਮੇਸ਼ਰ ਮਾਫ਼ ਕਰਨ ਵਿਚ ਵਿਸ਼ਵਾਸਯੋਗ ਹੈ, ਕਿਉਂਕਿ ਉਸ ਨੇ ਪ੍ਰਤਿੱਗਿਆ ਕੀਤੀ ਹੈ ਕਿ ਉਹ ਮਾਫ਼ ਕਰੇਗਾ। ਉਹ ਮਾਫ਼ ਕਰਨ ਵਿਚ ਧਰਮੀ ਹੈ, ਕਿਉਂਕਿ ਵਟਾਂਦਰੇ ਵੱਜੋਂ ਕੀਤੇ ਗਏ ਮਸੀਹ ਦੇ ਕੰਮ ਸਦਕਾ ਉਸ ਨੂੰ ਅਜਿਹਾ ਕਰਨ ਦਾ ਇਕ ਕਨੂੰਨਨ ਰਾਹ ਮਿਲਿਆ ਹੋਇਆ ਹੈ।

ਉਹ ਨਾ ਕੇਵਲ ਮਾਫ਼ ਕਰਦਾ ਹੈ ਪਰ ਉਹ ਸਾਰੇ ਕੁਧਰਮ ਤੋਂ ਸ਼ੁੱਧ ਵੀ ਕਰਦਾ ਹੈ। ਸਾਰਾ ਲੇਖਾ ਸਾਫ਼ ਹੋ ਜਾਂਦਾ ਹੈ। ਦੋਸ਼ ਮਿਟ ਜਾਂਦਾ ਹੈ। ਵਿਵੇਕ ਦੀ ਦੋਸ਼ ਲਗਾਉਣ ਵਾਲੀ ਅਵਾਜ਼ ਸ਼ਾਂਤ ਹੋ ਜਾਂਦੀ ਹੈ।

ਤੋਬਾ ਨਾ ਕੀਤੇ ਹੋਏ ਪਾਪੀ ਨੂੰ ਕਨੂੰਨੀ ਤੌਰ 'ਤੇ ਮਾਫ਼ੀ ਉਦੋਂ ਮਿਲਦੀ ਹੈ ਜਦੋਂ ਉਹ ਤੋਬਾ ਕਰਦਾ ਹੈ ਅਤੇ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਦਾ ਹੈ। ਮਸੀਹੀ ਵਿਅਕਤੀ ਨੂੰ ਆਪਣੇ ਪਿਤਾ ਤੋਂ ਮਾਫ਼ੀ ਉਦੋਂ ਮਿਲਦੀ ਹੈ ਜਦੋਂ ਉਹ ਆਪਣਿਆਂ ਪਾਪਾਂ ਦਾ ਇਕਰਾਰ ਕਰ ਲੈਂਦਾ ਹੈ ਅਰਥਾਤ ਉਨ੍ਹਾਂ ਨੂੰ ਮੰਨ ਲੈਂਦਾ ਹੈ।

ਇਥੇ ਇਕ ਚਿਤਾਵਨੀ ਦਿੱਤੀ ਜਾਣੀ ਚਾਹੀਦੀ ਹੈ। ਹਾਲਾਂਕਿ ਮਸੀਹੀ ਵਿਸ਼ਵਾਸੀ ਦੇ ਪਾਪ ਉਸੇ ਵੇਲੇ ਮਾਫ਼ ਹੋ ਜਾਂਦੇ ਹਨ ਜਿਸ ਵੇਲੇ ਉਹ ਉਨ੍ਹਾਂ ਨੂੰ ਮੰਨ ਲੈਂਦਾ ਹੈ, ਪਰ ਪਾਪ ਦੇ ਨਤੀਜੇ ਅਕਸਰ ਭੁਗਤਣੇ ਪੈਂਦੇ ਹਨ। ਇਸ ਤਰ੍ਹਾਂ ਉਹ ਪਾਪ ਕਰਕੇ ਕੋਰਾ ਨਹੀਂ ਬਚ ਸਕਦਾ।

## ਮੈਂ ਇਕ ਵਿਅਕਤੀ ਨੂੰ ਜਾਣਦਾ ਹਾਂ ਜਿਹੜਾ ਮੁਕਤੀ ਪ੍ਰਾਪਤ ਕਰਨ ਤੋਂ ਬਾਦ ਨਾਸ ਹੋ ਗਿਆ। ਇਸ ਬਾਰੇ ਕੀ ਕਿਹਾ ਜਾਵੇ?

ਇਥੇ ਆ ਕੇ ਮੈਨੂੰ ਲੱਗਦਾ ਹੈ ਕਿ ਸ਼ਾਇਦ ਕੋਈ ਇਸ ਤਰ੍ਹਾਂ ਕਹਿ ਰਿਹਾ ਹੈ, "ਮੈਂ ਇਕ ਵਿਅਕਤੀ ਨੂੰ ਜਾਣਦਾ ਹਾਂ ਜਿਹੜਾ ਮਸੀਹੀ ਸੀ, ਪਰ ਫਿਰ ਪਾਪ ਕਰ ਬੈਠਾ ਅਤੇ ਫਿਰ ਦੁਬਾਰਾ ਬਚਾਇਆ ਨਹੀਂ ਗਿਆ। ਤੁਸੀਂ ਇਸ ਬਾਰੇ ਕੀ ਕਹੋਗੇ?"

ਅਨੇਕਾਂ ਤੱਥ ਧਿਆਨ ਵਿਚ ਰੱਖੇ ਜਾਂਦੇ ਚਾਹੀਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਕਿ ਉਨ੍ਹਾਂ ਲੋਕਾਂ ਵਿਚ ਬਹੁਤ ਵੱਡਾ ਫ਼ਰਕ ਹੈ ਜਿਹੜੇ ਮਸੀਹ ਹੋਣ

ਦਾ ਦਾਅਵਾ ਕਰਦੇ ਹਨ ਅਤੇ ਜਿਹੜੇ ਸੱਚਾ ਨਵਾਂ ਜਨਮ ਪ੍ਰਾਪਤ ਕਰ ਚੁੱਕੇ ਹਨ। ਨਾਮਧਾਰੀ ਮਸੀਹੀ ਵੀ ਹੁੰਦੇ ਹਨ ਅਤੇ ਅਸਲ ਵਿਸ਼ਵਾਸੀ ਵੀ ਹੁੰਦੇ ਹਨ। ਜੇਕਰ ਕੋਈ ਵਿਅਕਤੀ ਆਖੇ ਕਿ ਉਹ ਮੁਕਤੀ ਪ੍ਰਾਪਤ ਕਰ ਚੁੱਕਾ ਹੈ, ਪਰ ਫਿਰ ਵੀ ਉਹ ਲਗਾਤਾਰ ਪਾਪ ਵਿਚ ਜੀਵਨ ਬਤੀਤ ਕਰਦਾ ਰਹਿੰਦਾ ਹੈ, ਤਾਂ ਉਸ ਦੇ ਦਾਅਵੇ ਉੱਤੇ ਸਵਾਲੀਆ ਨਿਸ਼ਾਨ ਲੱਗਣਾ ਜਾਇਜ਼ ਹੈ। ਕਿਉਂਕਿ ਜਦੋਂ ਮਸੀਹ ਕਿਸੇ ਦੇ ਜੀਵਨ ਵਿਚ ਆ ਜਾਂਦਾ ਹੈ ਤਾਂ ਉਹ ਉਸ ਦੇ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਦਿੰਦਾ ਹੈ।

ਫਿਰ ਅਜਿਹੇ ਲੋਕ ਵੀ ਹੁੰਦੇ ਹਨ ਜਿਹੜੇ ਵਿਸ਼ਵਾਸ ਵਿਚ ਠੰਡੇ ਪੈ ਜਾਂਦੇ ਹਨ। ਉਨ੍ਹਾਂ ਨੇ ਸੱਚੀ ਤੋਬਾ ਤਾਂ ਕੀਤੀ ਹੁੰਦੀ ਹੈ ਪਰ ਫਿਰ ਵੀ ਉਹ ਪ੍ਰਭੂ ਦੇ ਪ੍ਰਤੀ ਉਦਾਸੀਨ ਹੋ ਜਾਂਦੇ ਹਨ। ਇਸ ਦਾ ਇਕ ਉਦਾਹਰਣ ਪਤਰਸ ਹੈ। ਉਹ ਪ੍ਰਭੂ ਨੂੰ ਸੱਚਮੁੱਚ ਪ੍ਰੇਮ ਕਰਦਾ ਸੀ ਪਰ ਫਿਰ ਵੀ ਪਾਪ ਵਿਚ ਡਿੱਗ ਪਿਆ। ਵਿਸ਼ਵਾਸ ਵਿਚ ਠੰਡੇ ਪੈ ਜਾਣ ਵਾਲੇ ਇਹ ਲੋਕ ਜਾਂ ਤਾਂ ਇਸ ਜੀਵਨ ਵਿਚ ਪਰਮੇਸ਼ਰ ਦੁਆਰਾ ਸੁਧਾਰੇ ਜਾ ਕੇ ਬਹਾਲ ਕਰ ਦਿੱਤੇ ਜਾਂਦੇ ਹਨ ਜਾਂ ਫਿਰ ਸਿੱਧੇ ਸਵਰਗ ਪਹੁੰਚਾ ਦਿੱਤੇ ਜਾਂਦੇ ਹਨ।

ਇਕ ਹੋਰ ਤਰ੍ਹਾਂ ਦੇ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਕਾਫ਼ਰ ਜਾਂ ਪ੍ਰਭੂ ਤੋਂ ਬੇਮੁਖ ਹੋਏ ਲੋਕ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਉਦਾਹਰਣ ਯਹੂਦਾਹ ਹੈ। ਇਨ੍ਹਾਂ ਲੋਕਾਂ ਨੇ ਨਵਾਂ ਜਨਮ ਕਦੇ ਪ੍ਰਾਪਤ ਕੀਤਾ ਹੀ ਨਹੀਂ ਹੁੰਦਾ, ਉਹ ਕੇਵਲ ਵਿਸ਼ਵਾਸੀ ਹੋਣ ਦਾ ਦਿਖਾਵਾ ਮਾਤਰ ਕਰਦੇ ਹਨ। ਅਜਿਹੇ ਕੁਝ ਲੋਕਾਂ ਨੂੰ ਤਾਂ ਬਪਤਿਸਮਾ ਵੀ ਦੇ ਦਿੱਤਾ ਜਾਂਦਾ ਹੈ ਅਤੇ ਸਥਾਨਕ ਕਲੀਸੀਆ ਵਿਚ ਪਰਵਾਨਗੀ ਤਕ ਦੇ ਦਿੱਤੀ ਜਾਂਦੀ ਹੈ। ਪਰ ਫਿਰ ਉਹ ਦਵੈਸ਼ਪੂਰਬਕ ਰੀਤੀ ਨਾਲ ਮਸੀਹ ਦਾ ਇਨਕਾਰ ਕਰ ਦਿੰਦੇ ਹਨ ਅਤੇ ਮਸੀਹੀ ਵਿਸ਼ਵਾਸ ਦਾ ਖੰਡਨ ਕਰ ਦਿੰਦੇ ਹਨ। ਅਜਿਹੇ ਕਾਫ਼ਰਾਂ ਦਾ ਸੱਚੀ ਤੋਬਾ ਕਰਨਾ ਅਸੰਭਵ ਹੈ।

ਇਨ੍ਹਾਂ ਸਾਰਿਆਂ ਮਾਮਲਿਆਂ ਵਿਚ ਸਾਨੂੰ ਆਪਣੇ ਸਿਧਾਂਤਾਂ ਦਾ ਆਧਾਰ ਅਨੁਭਵਾਂ ਜਾਂ ਜਜ਼ਬਾਤਾਂ ਨੂੰ ਨਹੀਂ ਬਣਾਉਣਾ ਚਾਹੀਦਾ। ਕਸਵੱਟੀ ਇਹ ਹੈ, "ਬਾਈਬਲ ਇਸ ਬਾਰੇ ਕੀ ਆਖਦੀ ਹੈ?" ਬਾਈਬਲ ਆਖਦੀ ਹੈ ਕਿ ਸੱਚਾ ਵਿਸ਼ਵਾਸੀ ਸਦਾ ਸਦਾ ਲਈ ਬਚਾਇਆ ਜਾਂਦਾ ਹੈ।

## ਇਹ ਤਾਂ ਬਹੁਤ ਸੌਖਾ ਹੈ। ਇਹ ਸੋਚਣਾ ਵਾਜਬ ਨਹੀਂ ਹੈ ਕਿ ਮੁਕਤੀ ਇਕ ਤੋਹਫ਼ਾ ਹੈ। ਕੀ ਤੁਹਾਨੂੰ ਨਹੀਂ ਲਗਦਾ ਕਿ ਤੁਹਾਡੀ ਖ਼ੁਸ਼ਖਬਰੀ ਬਹੁਤ ਸਸਤੀ ਹੈ?

ਬਾਈਬਲ ਦੇ ਆਧਾਰ 'ਤੇ ਇਸ ਦਾ ਉੱਤਰ ਇਹ ਹੈ ਕਿ ਭਾਵੇਂ ਇਹ ਸਾਡੇ ਲਈ ਸਸਤੀ ਹੈ ਪਰ ਸਾਡੇ ਮੁਕਤੀਦਾਤਾ ਲਈ ਇਹ ਬਿਲਕੁਲ ਵੀ ਸਸਤੀ ਨਹੀਂ ਸੀ। ਇਸ ਦੇ ਲਈ ਉਸ ਨੂੰ ਆਪਣਾ ਸਭਕੁਝ ਦੇਣਾ ਪਿਆ ਸੀ। ਇਹ ਤਾਂ ਸੁਭਾਵਕ ਹੀ ਹੈ ਕਿ ਜਿਹੜਾ ਵਿਅਕਤੀ ਤੋਹਫ਼ਾ ਦਿੰਦਾ ਉਸ ਨੂੰ ਤਾਂ ਇਸ ਦੀ ਕੀਮਤ ਚੁਕਾਉਣੀ ਹੀ ਪੈਂਦੀ ਹੈ, ਪਰ ਉਸ ਨੂੰ ਨਹੀਂ ਜਿਸ ਨੂੰ ਤੋਹਫ਼ਾ ਪ੍ਰਾਪਤ ਹੁੰਦਾ ਹੈ। ਜਦੋਂ ਲੋਕ ਜਨਮਦਿਨ, ਵਿਆਹ ਅਤੇ ਕ੍ਰਿਸਮਸ ਦੇ ਮੌਕਿਆਂ 'ਤੇ ਤੋਹਫ਼ੇ ਕਬੂਲ ਕਰ ਲੈਂਦੇ ਹਨ, ਤਾਂ ਫਿਰ ਉਹ ਸਭ ਤੋਂ ਵੱਡੇ ਤੋਹਫ਼ੇ ਨੂੰ ਕਿਉਂ ਠੁਕਰਾ ਦਿੰਦੇ ਹਨ?

"ਬਹੁਤ ਸਸਤੀ" ਕਹਿਣ ਦੇ ਪਿੱਛੇ ਮਨੁੱਖੀ ਹੰਕਾਰ ਲੁਕਿਆ ਹੁੰਦਾ ਹੈ। ਲੋਕ ਇਸ ਲਾਇਲਾਜ ਰੋਗ ਨਾਲ ਇੰਨੀ ਬੁਰੀ ਤਰ੍ਹਾਂ ਪ੍ਰਭਾਵਿਤ ਹਨ ਕਿ ਉਹ ਇਹੀ ਸੋਚਦੇ ਰਹਿੰਦੇ ਹਨ ਭਈ ਸਵਰਗ ਜਾਣ ਲਈ ਆਪਣੀ ਟਿਕਟ ਆਪ ਕਮਾਉਣ ਖਾਤਰ ਉਹ ਕੁਝ ਨਾ ਕੁਝ ਯੋਗਦਾਨ ਜ਼ਰੂਰ ਦੇ ਸਕਦੇ ਹਨ। ਕਿਉਂਕਿ ਕਿਰਪਾ ਇਸ ਸੰਭਾਵਨਾ ਨੂੰ ਖ਼ਤਮ ਕਰ ਦਿੰਦੀ ਹੈ, ਇਸ ਲਈ ਉਹ ਇਸ ਨੂੰ ਪਸੰਦ ਨਹੀਂ ਕਰਦੇ। ਉਹ ਇਸ ਨੂੰ ਠੁਕਰਾ ਦਿੰਦੇ ਹਨ।

# 11

# ਕਿਰਪਾ ਦੀ ਦੁਰਵਰਤੋਂ ਅਤੇ ਕੁਵਰਤੋਂ

ਬਾਕੀਆਂ ਚੰਗੀਆਂ ਵਸਤਾਂ ਦੀ ਤਰ੍ਹਾਂ ਕਿਰਪਾ ਦੀ ਦੁਰਵਰਤੋਂ ਵੀ ਕੀਤੀ ਜਾ ਸਕਦੀ ਹੈ। ਪਾਣੀ ਅਤੇ ਅੱਗ ਬਹੁਤ ਵੱਡੀਆਂ ਬਰਕਤਾਂ ਹਨ ਪਰ ਇਨ੍ਹਾਂ ਦਾ ਗਲਤ ਉਪਯੋਗ ਵੀ ਕੀਤਾ ਜਾ ਸਕਦਾ ਹੈ। ਲੋਕ ਪਰਮੇਸ਼ਰ ਦੀ ਸਰਬਸੱਤਾ ਨੂੰ ਤੋੜ-ਮਰੋੜ ਕੇ ਇਹ ਵੀ ਸਿਖਾ ਸਕਦੇ ਹਨ ਕਿ ਕਿਸਮਤ ਵੀ ਕੁਝ ਹੁੰਦੀ ਹੈ: ਜੋ ਹੋਣਾ ਹੈ ਸੋ ਹੋ ਕੇ ਹੀ ਰਹਿਣਾ ਹੈ ਤੁਸੀਂ ਇਸ ਬਾਰੇ ਕੁਝ ਵੀ ਨਹੀਂ ਕਰ ਸਕਦੇ। ਕਦੇ-ਕਦੇ ਤਾਂ ਰੱਬੀ ਚੋਣ ਦੇ ਸਿਧਾਂਤ ਨੂੰ ਘੁਮਾ-ਫਿਰਾ ਕੇ ਇਹ ਤਕ ਸਿਖਾ ਦਿੱਤਾ ਜਾਂਦਾ ਹੈ ਕਿ ਖੁਸ਼ਖਬਰੀ ਦਾ ਪ੍ਰਚਾਰ ਕਰਨਾ ਸਮੇਂ ਅਤੇ ਸੰਸਾਧਨਾਂ ਦੀ ਬਰਬਾਦੀ ਹੈ।

ਅਫ਼ਸੋਸ ਇਸ ਗੱਲ ਦਾ ਹੈ ਕਿ ਪਰਮੇਸ਼ਰ ਦੀ ਕਿਰਪਾ ਨੂੰ ਇਕ ਲਾਪਰਵਾਹ ਜੀਵਨ ਜਿਉਣ ਲਈ ਇਕ ਬਹਾਨੇ ਵੱਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਸੰਭਵ ਹੈ ਕਿ ਕੋਈ ਵਿਸ਼ਵਾਸੀ ਆਪਣੀ ਸੁਤੰਤਰਤਾ ਨੂੰ ਇਕ ਬਹਾਨਾ ਬਣਾ ਕੇ ਹਰ ਤਰ੍ਹਾਂ ਦੇ ਭੋਗਬਿਲਾਸ ਵਿਚ ਲਿਪਤ ਹੋ ਜਾਵੇ। ਇਸ ਦਾ ਅਰਥ ਇਹ ਨਹੀਂ ਹੈ ਸਿਧਾਂਤ ਗਲਤ ਹਨ। ਇਸ ਦਾ ਅਰਥ ਕੇਵਲ ਇੰਨਾ ਹੈ ਕਿ ਕੁਝ ਲੋਕ ਆਪਣੇ ਕੁਧਰਮੀ ਚਾਲਚਲਣ ਨੂੰ ਸਹੀ ਪ੍ਰਮਾਣਿਤ ਕਰਨ ਲਈ ਕਿਸੇ ਵੀ ਹੱਦ ਤਕ ਜਾ ਸਕਦੇ ਹਨ, ਅਤੇ ਜੇਕਰ ਅਜਿਹਾ ਉਹ ਵਚਨ ਦੀ ਵਰਤੋਂ ਕਰਕੇ ਕਰਦੇ ਹਨ ਤਾਂ ਉਨ੍ਹਾਂ ਲਈ ਹੋਰ ਵੀ ਚੰਗਾ ਹੈ, ਜਾਂ ਘੱਟੋ-ਘੱਟ ਉਨ੍ਹਾਂ ਦੀਆਂ ਨਜ਼ਰਾਂ ਵਿਚ ਤਾਂ ਅਜਿਹਾ ਹੀ ਹੈ।

ਇਹ ਸੱਚ ਹੈ ਕਿ ਵਿਸ਼ਵਾਸੀ ਸ਼ਰਾ ਹੇਠ ਨਹੀਂ, ਕਿਰਪਾ ਹੇਠ ਹਨ।[115]

ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਉਹ ਹੁਕਮ-ਅਦੂਲ ਹੋ ਜਾਣ। ਉਹ ਉਸ ਸ਼ਰਾ ਦੇ ਹੇਠ ਨਹੀਂ ਹਨ ਜਿਹੜੀ ਦੋਸ਼ ਲਗਾਉਂਦੀ ਹੈ ਅਤੇ ਜਿਸ ਵਿਚ ਹਰਜਾਨਾ ਭਰਨਾ ਪੈਂਦਾ ਹੈ। ਪਰ ਉਹ ਤਾਂ ਮਸੀਹ ਦੀ ਸ਼ਰਾ ਹੇਠ ਹਨ[116] ਅਰਥਾਤ ਉਹ ਮਸੀਹ ਦੇ ਨਾਲ ਪ੍ਰੇਮ ਅਤੇ ਮਨਾਹੀਆਂ ਦੀਆਂ ਡੋਰੀਆਂ ਦੁਆਰਾ ਬੱਝੇ ਹਨ ਤਾਂ ਜੋ ਕੇਵਲ ਉਹੀ ਕੰਮ ਕਰਨ ਜਿਹੜੇ ਉਸ ਦੀਆਂ ਨਜ਼ਰਾਂ ਵਿਚ ਪਰਵਾਨਯੋਗ ਹਨ। ਇਸ ਸਬੰਧ ਨੂੰ ਇਕ ਗੀਤ ਦੇ ਇਸ ਪਦ ਵਿਚ ਬੜੀ ਚੰਗੀ ਤਰ੍ਹਾਂ ਦਰਸ਼ਾਇਆ ਗਿਆ ਹੈ:

> ਕੀ ਕੋਈ ਲੋੜ ਹੈ ਕਿ ਸ਼ਰਾ ਮੈਨੂੰ
> ਤੇਰਾ ਗੁਲਾਮ ਬਣਾ ਕੇ ਰੱਖੇ?
> ਮੇਰਾ ਦਿਲ ਤਾਂ ਆਪ ਤੇਰਾ ਗੁਲਾਮ ਹੋ ਕੇ ਖੁਸ਼ ਹੈ
> ਕਿ ਕਦੇ ਅਜ਼ਾਦ ਹੀ ਨਾ ਹੋਵੇ।

ਇਹ ਸੱਚ ਹੈ ਕਿ ਜਦੋਂ ਪ੍ਰਭੂ ਕਿਸੇ ਵਿਅਕਤੀ ਨੂੰ ਅਜ਼ਾਦ ਕਰਦਾ ਹੈ ਤਾਂ ਉਹ ਸੱਚਮੁੱਚ ਅਜ਼ਾਦ ਹੋ ਜਾਂਦਾ ਹੈ।[117] ਪਰ ਇਸ ਅਜ਼ਾਦੀ ਦਾ ਅਰਥ ਇਹ ਨਹੀਂ ਹੈ ਕਿ ਉਨ੍ਹਾਂ ਨੂੰ ਪਾਪ ਕਰਨ ਦੀ ਅਜ਼ਾਦੀ ਵੀ ਮਿਲ ਗਈ ਹੈ। ਸੁਤੰਤਰਤਾ ਪਾਪ ਕਰਨ ਦਾ ਲਾਈਸੰਸ ਨਹੀਂ ਹੈ। ਪਾਇਲਟ ਨੂੰ ਪੂਰੀ ਅਜ਼ਾਦੀ ਹੁੰਦੀ ਹੈ ਕਿ ਉਹ ਆਸਮਾਨ ਵਿਚ ਉੱਚੀਆਂ ਉਡਾਰੀਆਂ ਮਾਰੇ, ਪਰ ਜੇਕਰ ਉਹ ਆਪਣੀ ਮੰਜ਼ਿਲ ਉੱਤੇ ਸੁਰੱਖਿਅਤ ਪੁੱਜਣਾ ਚਾਹੁੰਦਾ ਹੈ ਤਾਂ ਉਸ ਨੂੰ ਨਿਰਧਾਰਿਤ ਮਾਰਗ 'ਤੇ ਹੀ ਜਾਣਾ ਪੈਂਦਾ ਹੈ। ਪੌਲੁਸ ਨੇ ਗਲਾਤੀਆਂ ਦੇ ਵਿਸ਼ਵਾਸੀਆਂ (ਅਤੇ ਸਾਰੇ ਵਿਸ਼ਵਾਸੀਆਂ) ਨੂੰ ਇਹ ਸਿਖਾਇਆ, ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ...।"[118]

ਜੌਨ ਮੈਕਆਰਥਰ ਇਸ ਨੂੰ ਬੜੀ ਚੰਗੀ ਤਰ੍ਹਾਂ ਬਿਆਨ ਕਰਦੇ ਹਨ:

ਸ਼ਰਾਂ ਤੋਂ ਅਜ਼ਾਦੀ ਦਾ ਅਰਥ ਹੈ ਪਾਪ ਦੇ ਬੰਧਨ ਤੋਂ ਅਜ਼ਾਦੀ ਅਤੇ ਸ਼ਰਾ ਦੀ ਸਜ਼ਾ ਤੋਂ ਅਜ਼ਾਦੀ — ਨੈਤਿਕ ਬੰਦਸ਼ਾਂ ਤੋਂ ਅਜ਼ਾਦੀ ਨਹੀਂ। ਕਿਰਪਾ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਉਹ ਸਭ ਕਰੀਏ ਜਿਸ ਵਿਚ ਸਾਡੀ ਪ੍ਰਸੰਨਤਾ ਹੈ; ਇਸ ਦਾ ਅਰਥ ਤਾਂ ਇਹ ਹੈ ਕਿ ਸਾਡੇ ਕੋਲ ਹੁਣ ਇਹ ਸਮਰੱਥਾ ਹੈ ਕਿ ਅਸੀਂ ਉਹ ਸਭ ਕਰ ਸਕੀਏ ਜਿਸ ਵਿਚ ਪਰਮੇਸ਼ਰ ਦੀ

ਪ੍ਰਸੰਨਤਾ ਹੈ। ਇਹ ਮਾਨਤਾ, ਕਿ ਪਰਮੇਸ਼ਰ ਦੀ ਕਿਰਪਾ ਦੇ ਕਾਰਨ ਸਾਨੂੰ ਪਾਪ ਕਰਨ ਦਾ ਲਾਈਸੰਸ ਮਿਲ ਗਿਆ ਹੈ, ਆਪਣਾ ਵਿਰੋਧ ਆਪ ਕਰਦੀ ਹੈ, ਕਿਉਂਕਿ ਪਰਮੇਸ਼ਰ ਦੀ ਕਿਰਪਾ ਦਾ ਮੁੱਖ ਉਦੇਸ਼ ਹੀ ਸਾਨੂੰ ਪਾਪ ਤੋਂ ਅਜ਼ਾਦ ਕਰਨਾ ਹੈ। ਕਿਰਪਾ ਪ੍ਰਾਪਤ ਕਰਨ ਤੋਂ ਬਾਦ ਅਸੀਂ ਪਾਪ ਵਿਚ ਕਿਵੇਂ ਬਣੇ ਰਹਿ ਸਕਦੇ ਹਾਂ?[119]

ਲੋਕ ਕਿਰਪਾ ਨੂੰ ਲਾਪਰਵਾਹ ਜੀਵਨ ਜਿਉਣ ਦੇ ਬਹਾਨੇ ਵੱਜੋਂ ਇਸਤੇਮਾਲ ਕਿਉਂ ਕਰਦੇ ਹਨ? ਹੋ ਸਕਦਾ ਹੈ ਕਿ ਉਨ੍ਹਾਂ ਨੇ ਮੁਕਤੀ ਪ੍ਰਾਪਤ ਕੀਤੀ ਹੀ ਨਹੀਂ ਹੈ। ਉਨ੍ਹਾਂ ਧਾਰਮਿਕ ਲੋਕਾਂ ਬਾਰੇ ਸੋਚੋ ਜਿਹੜੇ ਮਾਰਡੀ ਗ੍ਰਾ ਨਾਂ ਦਾ ਪਰਬ ਮਨਾਉਂਦੇ ਹਨ ਜਿਸ ਨੂੰ ਲੈਂਟ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਉਹ ਰੱਜ ਕੇ ਸ਼ਰਾਬ ਪੀਂਦੇ ਹਨ ਅਤੇ ਮੰਗਲਵਾਰ ਦੀ ਰਾਤ ਤਕ ਰੱਜ ਕੇ ਲੁੱਚਪੁਣਾ ਕਰਦੇ ਹਨ, ਅਤੇ ਭਸਮ ਬੁੱਧਵਾਰ ਨੂੰ, ਜੋ ਕਿ ਲੈਂਟ ਦਾ ਪਹਿਲਾ ਦਿਨ ਹੈ, ਭਸਮ ਦਾ ਛਿੱਟਾ ਲੈ ਕੇ ਮਾਫ਼ੀ ਪ੍ਰਾਪਤ ਕਰਨ ਦੀ ਯੋਜਨਾ ਬਣਾਉਂਦੇ ਹਨ, ਅਤੇ ਉਮੀਦ ਕਰਦੇ ਹਨ ਕਿ ਘੱਟੋ-ਘੱਟ ਲੈਂਟ ਦੇ ਚਾਲੀ ਦਿਨਾਂ ਤਕ ਤਾਂ ਉਹ ਇਨ੍ਹਾਂ ਪਾਪਾਂ ਤੋਂ ਦੂਰ ਰਹਿ ਸਕਣਗੇ।

ਇਹ ਵੀ ਸੰਭਵ ਹੈ ਕਿ ਕੁਝ ਲੋਕ ਵਿਸ਼ਵਾਸੀ ਹੁੰਦਿਆਂ ਹੋਇਆਂ ਵੀ ਕਿਰਪਾ ਦੀ ਸੱਚਾਈ ਤੋਂ ਅਣਜਾਣ ਹਨ। ਇਹ ਵੀ ਹੋ ਸਕਦਾ ਹੈ ਕਿ ਉਹ ਪਰਮੇਸ਼ਰ ਦੀ ਪਵਿੱਤਰਤਾ ਨੂੰ ਸਮਝ ਹੀ ਨਹੀਂ ਸਕੇ ਹਨ। ਜਾਂ ਫਿਰ ਪਾਪ ਬਾਰੇ ਉਨ੍ਹਾਂ ਕੋਲ ਜ਼ਿਆਦਾ ਗਿਆਨ ਅਤੇ ਜਾਣਕਾਰੀ ਨਹੀਂ ਹੈ। ਇਹ ਵੀ ਸੰਭਵ ਹੈ ਕਿ ਕੋਈ ਵਿਅਕਤੀ ਮੁਕਤੀ ਤਾਂ ਪ੍ਰਾਪਤ ਕਰ ਲਏ ਪਰ ਚੰਗੀ ਸਿੱਖਿਆ ਨਾ ਪ੍ਰਾਪਤ ਕਰ ਸਕੇ।

ਕੁਝ ਲੋਕ ਜਾਣਬੁੱਝ ਕੇ ਵੀ ਇਸ ਤੋਂ ਅਣਜਾਣ ਬਣੇ ਰਹਿ ਸਕਦੇ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਤੋਂ ਕੀ ਮੰਗ ਕੀਤੀ ਗਈ ਹੈ ਪਰ ਉਹ ਪ੍ਰਭੂ ਦੀ ਸੰਗਤੀ ਤੋਂ ਦੂਰ ਹੋ ਚੁੱਕੇ ਹਨ। ਉਨ੍ਹਾਂ ਦਾ ਵਿਸ਼ਵਾਸ ਠੰਡਾ ਪੈ ਚੁੱਕਾ ਹੈ ਅਤੇ ਉਹ ਇਹੀ ਮੰਨੀ ਬੈਠੇ ਹਨ ਕਿ ਪਰਮੇਸ਼ਰ ਉਨ੍ਹਾਂ ਦੇ "ਛੋਟੇ-ਛੋਟੇ" ਪਾਪਾਂ ਅਤੇ "ਭੁੱਲਾਂ" ਨੂੰ ਨਜ਼ਰਅੰਦਾਜ਼ ਕਰ ਦੇਵੇਗਾ।

ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਉਹ ਕਾਫ਼ਰ ਹੋ ਕੇ ਪ੍ਰਭੂ ਤੋਂ

ਬੇਮੁੱਖ ਹੋ ਚੁੱਕੇ ਹਨ। ਯਹੂਦਾਹ ਆਪਣੇ ਪੱਤਰ ਵਿਚ ਅਜਿਹੇ ਲੋਕਾਂ ਬਾਰੇ ਲਿਖਦਾ ਹੋਇਆ ਆਖਦਾ ਹੈ ਕਿ ਉਹ "ਸ਼ਤਾਨੀ ਮਨੁੱਖ ਹਨ ਜਿਹੜੇ ਸਾਡੇ ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰ ਕੇ ਲੁੱਚਪੁਣੇ ਵੱਲ ਲਾ ਦਿੰਦੇ ਹਨ ਅਤੇ ਯਿਸੂ ਮਸੀਹ ਦਾ ਜਿਹੜਾ ਇੱਕੋ ਹੀ ਸਾਡਾ ਸੁਆਮੀ ਅਤੇ ਪ੍ਰਭੂ ਹੈ ਇਨਕਾਰ ਕਰਦੇ ਹਨ।"[120]

# 12

# ਪਰਮੇਸ਼ਰ ਪਵਿੱਤਰਤਾ ਕਿਵੇਂ ਉਤਪੰਨ ਕਰਦਾ ਹੈ

ਅਸੀਂ ਵੇਖ ਚੁੱਕੇ ਹਾਂ ਮੁਕਤੀ ਕੰਮਾਂ ਸਦਕਾ ਨਹੀਂ ਪਰ ਵਿਸ਼ਵਾਸ ਦੁਆਰਾ ਕਿਰਪਾ ਰਾਹੀਂ ਪ੍ਰਾਪਤ ਹੁੰਦੀ ਹੈ, ਪਰ ਫਿਰ ਵੀ ਇਕ ਸਵਾਲ ਅਜੇ ਵੀ ਸਾਡੇ ਸਾਹਮਣੇ ਹੈ, "ਮੁਕਤੀ ਪ੍ਰਾਪਤ ਲੋਕਾਂ ਦੇ ਜੀਵਨ ਵਿਚ ਪਵਿੱਤਰਤਾ ਕਿਵੇਂ ਆਉਂਦੀ ਹੈ?" ਜਦੋਂ ਕੋਈ ਵਿਅਕਤੀ ਮਸੀਹੀ ਬਣਦਾ ਹੈ, ਤਾਂ ਜ਼ਰੂਰੀ ਹੈ ਕਿ ਉਸ ਦੇ ਜੀਵਨ ਵਿਚ ਬਦਲਾਵ ਆਏ। ਹੁਣ ਸਵਾਲ ਇਹ ਹੈ, "ਇਹ ਬਦਲਾਵ ਕਿਸ ਪ੍ਰਕਿਰਿਆ ਰਾਹੀਂ ਆਉਂਦਾ ਹੈ?"

ਇਸ ਦੇ ਕੇਵਲ ਦੋ ਹੀ ਰਾਹ ਨਜ਼ਰ ਆਉਂਦੇ ਹਨ। ਇਹ ਜਾਂ ਤਾਂ ਸ਼ਰਾ ਰਾਹੀਂ ਹੋਵੇਗਾ ਜਾਂ ਕਿਰਪਾ ਰਾਹੀਂ। ਜਿਵੇਂ ਲੋਕ ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਰਾਹ ਦੇ ਦੁਆਰਾ ਸਵਰਗ ਜਾਣ ਦੀ ਆਸ ਕਰਦੇ ਹਨ, ਉਵੇਂ ਹੀ ਇਨ੍ਹਾਂ ਦੋਹਾਂ ਰਾਹਾਂ ਵਿਚੋਂ ਕਿਸੇ ਇਕ ਦੇ ਜ਼ਰੀਏ ਲੋਕ ਆਪਣੇ ਜੀਵਨ ਵਿਚ ਪਵਿੱਤਰਤਾ ਉਤਪੰਨ ਕਰਨ ਦੀ ਆਸ ਵੀ ਕਰਦੇ ਹਨ।

ਸਭ ਤੋਂ ਸੁਭਾਵਕ ਅਤੇ ਮਨੁੱਖੀ ਤਰੀਕਾ ਇਹ ਹੈ ਕਿ ਲੋਕਾਂ ਨੂੰ ਸ਼ਰਾ ਹੇਠ ਕਰ ਦਿੱਤਾ ਜਾਵੇ। ਉਨ੍ਹਾਂ ਨੂੰ ਕੁਝ ਨਿਯਮ ਅਤੇ ਕਨੂੰਨ ਦੇ ਦਿੱਤੇ ਜਾਣ, ਕਿ ਉਨ੍ਹਾਂ ਨੂੰ ਕੀ ਕਰਨਾ ਹੈ ਅਤੇ ਕੀ ਨਹੀਂ। ਉਨ੍ਹਾਂ ਨੂੰ ਆਖਿਆ ਜਾਵੇ ਕਿ ਉਨ੍ਹਾਂ ਨੇ ਇਹ ਨਿਯਮ ਆਪਣੇ ਬਲਬੂਤੇ ਨਿਭਾਉਣੇ ਹਨ। ਕਿਉਂਕਿ ਨਿਯਮ ਦਾ ਡਰ ਵੀ ਲੋਕਾਂ ਵਿਚ ਬਿਠਾਉਣਾ ਹੈ, ਇਸ ਲਈ ਉਨ੍ਹਾਂ ਨੂੰ ਦੱਸ ਦਿੱਤਾ ਜਾਵੇ ਕਿ ਜੇਕਰ ਉਹ ਕਿਸੇ ਵੀ ਨਿਯਮ ਦੀ ਹੁਕਮ-ਅਦੂਲੀ ਕਰਨਗੇ ਤਾਂ ਉਹ ਆਪਣੀ ਮੁਕਤੀ ਗੁਆ ਦੇਣਗੇ। ਪਵਿੱਤਰ ਜੀਵਨ ਹਾਸਲ ਕਰਨ ਦਾ

ਇਹ ਤਰੀਕਾ ਵਾਜਬ ਅਤੇ ਤਰਕਸੰਗਤ ਜਾਪਦਾ ਹੈ। ਇਸ ਦੀ ਦਲੀਲ ਤਾਂ ਘੱਟੋ-ਘੱਟ ਦਿੱਤੀ ਹੀ ਜਾਂਦੀ ਹੈ।

ਪਵਿੱਤਰਤਾ ਪ੍ਰਾਪਤ ਕਰਨ ਲਈ ਸ਼ਰਾ ਦੇ ਇਸ ਰਾਹ ਨਾਲ ਇਕ ਸਮੱਸਿਆ ਇਹ ਹੈ ਕਿ ਇਸ ਰਾਹੀਂ ਸਫਲਤਾ ਨਹੀਂ ਮਿਲਦੀ। ਲੋਕ ਆਪਣੇ ਬਲਬੂਤੇ ਪਵਿੱਤਰ ਜੀਵਨ ਨਹੀਂ ਜੀ ਸਕਦੇ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਆਪਣੀ ਮੁਕਤੀ ਆਪ ਨਹੀਂ ਕਰਵਾ ਸਕਦੇ। ਜਦੋਂ ਪੌਲੁਸ ਨੇ ਗਲਾਤੀਆਂ ਦੇ ਵਿਸ਼ਵਾਸੀਆਂ ਤੋਂ ਇਹ ਪੁੱਛਿਆ ਤਾਂ ਉਸ ਦਾ ਭਾਵ ਇਹੋ ਸੀ, "ਭਲਾ, ਆਤਮਾ ਦੁਆਰਾ ਅਰੰਭ ਕਰ ਕੇ ਤੁਸੀਂ ਹੁਣ ਸਰੀਰ ਦੁਆਰਾ ਸਮਾਪਤ ਕਰਦੇ ਹੋ?"[121] ਸ਼ਰਾ ਲੋਕਾਂ ਨੂੰ ਦੱਸਦੀ ਹੈ ਕਿ ਉਨ੍ਹਾਂ ਨੂੰ ਕੀ ਕਰਨਾ ਹੈ ਪਰ ਉਸ ਨੂੰ ਕਰਨ ਦੀ ਸਮਰੱਥਾ ਨਹੀਂ ਦਿੰਦੀ, ਸਗੋਂ ਉਲੰਘਣਾ ਕਰਨ ਵਾਲੇ ਨੂੰ ਦੋਸ਼ੀ ਠਹਿਰਾਉਂਦੀ ਹੈ। ਪਵਿੱਤਰਤਾ ਵੱਲ ਲੈ ਜਾਣ ਦੀ ਥਾਂ ਸ਼ਰਾ ਦਾ ਅਸਰ ਪੁੱਠਾ ਹੀ ਪੈਂਦਾ ਹੈ। ਜਿਵੇਂ ਵਰਜਿਆ ਗਿਆ ਫਲ ਮਿੱਠਾ ਲੱਗਦਾ ਹੈ ਉਵੇਂ ਹੀ ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਕੋਈ ਕੰਮ ਕਰਨ ਤੋਂ ਮਨ੍ਹਾ ਕਰਦੇ ਹੋ ਤਾਂ ਉਸੇ ਕੰਮ ਨੂੰ ਕਰਨ ਲਈ ਉਸ ਦਾ ਪਤਿਤ ਸੁਭਾਅ ਜਾਗ ਉੱਠਦਾ ਹੈ। ਸ਼ਰਾ ਕਦੇ ਵੀ ਪਵਿੱਤਰਤਾ ਉਤਪੰਨ ਨਹੀਂ ਕਰ ਸਕਦੀ। ਇਹ ਕੇਵਲ ਪਾਪ ਨੂੰ ਉਜਾਗਰ ਕਰਦੀ ਹੈ ਅਤੇ ਅਪਰਾਧੀਆਂ ਨੂੰ ਸਜ਼ਾ ਦਿੰਦੀ ਹੈ।

ਪਰਮੇਸ਼ਰ ਕਿਰਪਾ ਦੇ ਰਾਹੀਂ ਪਵਿੱਤਰਤਾ ਉਤਪੰਨ ਕਰਦਾ ਹੈ। ਮੈਂ ਇਸ ਨੂੰ ਸਮਝਾਉਂਦਾ ਹਾਂ! ਦਰਅਸਲ ਪਰਮੇਸ਼ਰ ਆਖਦਾ ਹੈ, "ਵੇਖੋ, ਮੈਂ ਤੁਹਾਨੂੰ ਆਪਣੀ ਕਿਰਪਾ ਰਾਹੀਂ ਮੁਕਤੀ ਦੇ ਦਿੱਤੀ ਹੈ। ਹੁਣ, ਆਪਣੇ ਮੁਕਤੀਦਾਤਾ ਪ੍ਰਤੀ ਪ੍ਰੇਮ ਸਦਕਾ ਉਤਸ਼ਾਹਿਤ ਹੋ ਕੇ ਅਜਿਹਾ ਜੀਵਨ ਬਤੀਤ ਕਰੋ ਜਿਹੜਾ ਤੁਹਾਡੀਆਂ ਗੱਲਾਂ ਦੇ ਅਨੁਰੂਪ ਹੋਵੇ।" ਧਿਆਨ ਦਵੋ ਕਿ ਕਿਰਪਾ ਵਿਚ ਪਵਿੱਤਰ ਜੀਵਨ ਜਿਉਣ ਦਾ ਮਕਸਦ ਪ੍ਰੇਮ ਹੈ। ਅਤੇ ਪ੍ਰੇਮ ਡਰ ਨਾਲੋਂ ਵਧੇਰੇ ਤਾਕਤਵਰ ਮਕਸਦ ਹੈ। ਜਿਹੜਾ ਕੰਮ ਲੋਕ ਸਜ਼ਾ ਦੇ ਡਰ ਦੇ ਬਾਵਜੂਦ ਵੀ ਨਹੀਂ ਕਰਦੇ ਉਸੇ ਕੰਮ ਨੂੰ ਉਹ ਪ੍ਰੇਮ ਸਦਕਾ ਕਰ ਦਿੰਦੇ ਹਨ। ਪ੍ਰਭੂ ਪ੍ਰਤੀ ਪ੍ਰੇਮ ਪਵਿੱਤਰ ਜੀਵਨ ਉਤਪੰਨ ਕਰਦਾ ਹੈ; ਡਰ ਅਜਿਹਾ ਕਦੇ ਵੀ ਨਹੀਂ ਕਰ ਸਕਦਾ।

ਮਸੀਹ ਦੁਆਰਾ ਕੀਤੇ ਹੋਏ ਕੰਮ ਦੇ ਕਾਰਨ ਕਿਰਪਾ ਪਰਮੇਸ਼ਰ ਦੇ ਸਾਹਮਣੇ ਵਿਸ਼ਵਾਸੀਆਂ ਦੀ ਹਸਤੀ ਨੂੰ ਸਿੱਧ ਬਣਾ ਦਿੰਦੀ ਹੈ। ਫਿਰ ਇਹ ਵਿਸ਼ਵਾਸੀਆਂ ਨੂੰ ਆਖਦੀ ਹੈ ਕਿ ਹੁਣ ਉਹ ਆਪਣੀ ਇਸ ਹਸਤੀ ਨੂੰ ਧਿਆਨ ਵਿਚ ਰੱਖਦਿਆਂ ਜੀਵਨ ਬਤੀਤ ਕਰਨ। ਕਹਿਣਾ ਦਾ ਭਾਵ ਇਹ ਹੈ ਕਿ ਉਨ੍ਹਾਂ ਦੀ ਅਵਸਥਾ ਉਨ੍ਹਾਂ ਦੀ ਇਸ ਹਸਤੀ ਦੇ ਨਾਲ ਨਿਰੰਤਰ ਮੇਲ ਖਾਂਦੀ ਰਹੇ। ਉਨ੍ਹਾਂ ਦੀ ਰੋਜਾਨਾ ਦੀ ਜ਼ਿੰਦਗੀ ਲਗਾਤਾਰ ਉਨ੍ਹਾਂ ਦੀ ਇਸੇ ਹਸਤੀ ਦੇ ਅਨੁਸਾਰ ਢਲਦੀ ਜਾਵੇ। ਉਨ੍ਹਾਂ ਨੂੰ ਪਰਮੇਸ਼ਰ ਦੀ ਸੰਤਾਨ ਹੋਣ ਲਈ ਚੁਣਿਆ ਗਿਆ ਹੈ, ਇਸ ਲਈ ਉਨ੍ਹਾਂ ਨੂੰ ਸ਼ਾਹੀ ਪਰਿਵਾਰ ਦੇ ਮੈਂਬਰਾਂ ਜਿਹਾ ਜੀਵਨ ਜਿਉਣਾ ਚਾਹੀਦਾ ਹੈ। ਜੇ.ਐਫ਼. ਸਟ੍ਰੋਮਬੈੱਕ ਦਾ ਕਹਿਣਾ ਹੈ, "ਪਰਮੇਸ਼ਰ ਪਹਿਲਾਂ ਚੇਤੇ ਕਰਾਉਂਦਾ ਹੈ ਕਿ ਉਸ ਨੇ ਆਪਣੀ ਕਿਰਪਾ ਵਿਚ ਕੀ-ਕੀ ਕੀਤਾ ਹੈ; ਫਿਰ ਇਸ ਦੇ ਆਧਾਰ 'ਤੇ ਉਹ ਇਕ ਅਜਿਹੀ ਜ਼ਿੰਦਗੀ ਜਿਉਣ ਦੀ ਅਪੀਲ ਕਰਦਾ ਹੈ ਜਿਹੜੀ ਉਸ ਦੇ ਇਸ ਕੰਮ ਦੇ ਨਾਲ ਮੇਲ ਖਾਂਦੀ ਹੋਵੇ।"[122]

ਪਰਮੇਸ਼ਰ ਦੀ ਸੰਤਾਨ ਦੀ ਹਸਤੀ ਇਹ ਹੈ ਕਿ ਉਹ ਮਸੀਹ ਵਿਚ ਕੌਣ ਹਨ। ਇਹੋ ਸ਼ਬਦ "ਮਸੀਹ ਵਿਚ" ਉਹ ਕੁੰਜੀ ਹਨ ਜਿਹੜੀ ਪਰਮੇਸ਼ਰ ਵਿਚ ਉਨ੍ਹਾਂ ਦੀ ਹਸਤੀ ਨੂੰ ਸਮਝਣ ਵਿਚ ਉਨ੍ਹਾਂ ਦੀ ਮਦਦ ਕਰਦੀ ਹੈ। ਪਰਮੇਸ਼ਰ ਉਨ੍ਹਾਂ ਨੂੰ ਇਵੇਂ ਹੀ ਵੇਖਦਾ ਹੈ ਕਿਉਂਕਿ ਉਨ੍ਹਾਂ ਨੇ ਪ੍ਰਭੂ ਯਿਸੂ ਨੂੰ ਆਪਣਾ ਮੁਕਤੀਦਾਤਾ ਕਬੂਲ ਕਰ ਲਿਆ ਹੈ। ਉਹ ਪਰਮੇਸ਼ਰ ਦੇ ਸਾਹਮਣੇ ਆਪਣੀ ਹਸਤੀ ਦੇ ਅਨੁਸਾਰ ਹੀ ਆਪਣੀ ਰੋਜਾਨਾ ਦੀ ਜ਼ਿੰਦਗੀ ਬਤੀਤ ਕਰਦੇ ਹਨ।

ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਵੀ ਮਸੀਹੀ ਦੀ ਰੋਜਾਨਾ ਦੀ ਜ਼ਿੰਦਗੀ ਪਰਮੇਸ਼ਰ ਦੇ ਸਾਹਮਣੇ ਉਸ ਦੀ ਹਸਤੀ ਦੇ ਨਾਲ *ਪੂਰੀ ਤਰ੍ਹਾਂ* ਕਦੇ ਵੀ ਮੇਲ ਨਹੀਂ ਖਾ ਸਕਦੀ। ਪਰ ਜ਼ਰੂਰੀ ਹੈ ਕਿ ਉਹ ਇਸ ਦਿਸ਼ਾ ਵੱਲ ਲਗਾਤਾਰ ਵਧਦਾ ਜਾਵੇ। ਜਦੋਂ ਉਹ ਸਵਰਗ ਵਿਚ ਮਸੀਹ ਦੇ ਨਾਲ ਮਹਿਮਾ ਪ੍ਰਾਪਤ ਕਰੇਗਾ ਉਦੋਂ ਉਸ ਦੀ ਅਵਸਥਾ ਸਿੱਧ ਹੋ ਜਾਵੇਗੀ, ਪਰ ਜੇਕਰ ਇਥੇ, ਇਸ ਧਰਤੀ ਉੱਤੇ ਉਸ ਦੀ ਇਹ ਅਵਸਥਾ ਲਗਾਤਾਰ ਬਿਹਤਰ ਹੁੰਦੀ ਜਾਂਦੀ ਹੈ ਤਾਂ ਇਸ ਤੋਂ ਪਰਮੇਸ਼ਰ ਨੂੰ ਵਧੇਰੇ ਮਹਿਮਾ ਮਿਲਦੀ ਹੈ।

ਇਸ ਅਵਸਥਾ ਨੂੰ ਦਰਸ਼ਾਉਣ ਵਾਲੇ ਕੁਝ ਸ਼ਬਦ ਇਹ ਹਨ: *ਨਵਾਂ ਜਨਮ ਪ੍ਰਾਪਤ ਕਰ ਚੁੱਕੇ, ਮਾਫ਼ੀ ਪ੍ਰਾਪਤ ਕਰ ਚੁੱਕੇ, ਮੇਲ ਪ੍ਰਾਪਤ ਕਰ ਚੁੱਕੇ, ਛੁਟਕਾਰਾ ਪ੍ਰਾਪਤ ਕਰ ਚੁੱਕੇ, ਕਬੂਲ ਕੀਤੇ ਜਾ ਚੁੱਕੇ, ਸੰਪੂਰਨ ਹੋ ਚੁੱਕੇ, ਸਿੱਧ ਹੋ ਚੁੱਕੇ, ਧਰਮੀ ਠਹਿਰਾਏ ਜਾ ਚੁੱਕੇ, ਪਵਿੱਤਰ ਕੀਤੇ ਜਾ ਚੁੱਕੇ, ਅਤੇ ਮਹਿਮਾ ਪ੍ਰਾਪਤ ਕਰ ਚੁੱਕੇ।*

ਰੋਜਾਨਾ ਦੀ ਜ਼ਿੰਦਗੀ ਵਿਚ ਸੁਧਾਰ ਲਿਆਉਣ ਨੂੰ ਦਰਸ਼ਾਉਣ ਵਾਲੇ ਕੁਝ ਸ਼ਬਦ ਇਹ ਹਨ: *ਬਣੋ, ਕਰੋ, ਚੱਲੋ, ਚੜ੍ਹਾਵੋ, ਅਰਪਤ ਕਰੋ, ਦਵੋ, ਜਾਣੋ, ਖੜ੍ਹੇ ਹੋਵੋ, ਦਿਓ, ਦੂਰ ਕਰੋ, ਪਾ ਲਵੋ, ਚਾਹੀਦਾ ਹੈ, ਲੋੜ ਹੈ, ਅਤੇ ਦੇ ਦਵੋ।*

ਇਸ ਲਈ ਪਰਮੇਸ਼ਰ ਦਾ ਤਰੀਕਾ ਇਹ ਹੈ ਕਿ ਉਹ ਆਪਣੇ ਸਾਹਮਣੇ ਵਿਸ਼ਵਾਸੀਆਂ ਨੂੰ ਸਿੱਧ ਅਵਸਥਾ ਦਿੰਦਾ ਹੈ ਅਤੇ ਫਿਰ ਉਨ੍ਹਾਂ ਨੂੰ ਇਸ ਦੇ ਅਨੁਸਾਰ ਜੀਵਨ ਬਤੀਤ ਕਰਨਾ ਸਿਖਾਉਂਦਾ ਹੈ। ਇਹ ਸ਼ਰਾ ਦੇ ਬਿਲਕੁਲ ਵਿਰੁੱਧ ਹੈ। ਸ਼ਰਾ ਆਖਦੀ ਹੈ, "ਜੇਕਰ ਤੁਸੀਂ ਇਸ ਖਾਸ ਅਵਸਥਾ ਤਕ ਪੁੱਜ ਜਾਓਗੇ ਤਾਂ ਤੁਹਾਨੂੰ ਇਹ ਅਵਸਥਾ ਮਿਲੇਗੀ।" ਇਹ ਤਾਂ ਸਪਸ਼ਟ ਤੌਰ 'ਤੇ ਹੀ ਅਸੰਭਵ ਹੈ। ਅਜਿਹਾ ਹੋ ਹੀ ਨਹੀਂ ਸਕਦਾ। ਕਿਰਪਾ ਆਖਦੀ ਹੈ, "ਮੈਂ ਤੁਹਾਨੂੰ ਇਹ ਅਵਸਥਾ ਇਕ ਤੋਹਫ਼ੇ ਵੱਜੋਂ ਦੇ ਦਿੱਤੀ ਹੈ, ਹੁਣ ਇਸ ਦੇ ਅਨੁਸਾਰ ਢੁਕਵਾਂ ਜੀਵਨ ਬਤੀਤ ਕਰੋ।" ਇਹ ਸਾਡੇ ਅੰਦਰ ਨਿਵਾਸ ਕਰਨ ਵਾਲੇ ਪਵਿੱਤਰ ਆਤਮਾ ਦੀ ਸਮਰੱਥਾ ਰਾਹੀਂ ਸੰਭਵ ਹੈ।

ਸ਼ਾਇਦ ਤੁਸੀਂ ਉਸ ਵਿਅਕਤੀ ਬਾਰੇ ਤਾਂ ਸੁਣਿਆ ਹੀ ਹੋਵੇਗਾ ਜਿਸ ਨੇ ਆਪਣੀ ਪਤਨੀ ਦੀ ਮੌਤ ਹੋ ਜਾਣ ਤੋਂ ਬਾਦ ਆਪਣੇ ਬੱਚਿਆਂ ਅਤੇ ਘਰ ਦੀ ਦੇਖਭਾਲ ਕਰਨ ਲਈ ਇਕ ਲੜਕੀ ਨੂੰ ਨੌਕਰੀ 'ਤੇ ਰੱਖ ਲਿਆ। ਉਸ ਨੇ ਨਿਯਮਾਂ ਦੀ ਇਕ ਸੂਚੀ ਬਣਾ ਕੇ ਫ੍ਰਿਜ ਦੇ ਦਰਵਾਜ਼ੇ 'ਤੇ ਚਿਪਕਾ ਦਿੱਤੀ ਅਤੇ ਉਸ ਨੂੰ ਦੱਸ ਦਿੱਤਾ ਕਿ ਉਸ ਦੀਆਂ ਜਿੰਮੇਵਾਰੀਆਂ ਕੀ-ਕੀ ਹਨ।

ਪਰ ਫਿਰ ਕਹਾਣੀ ਵਿਚ ਇਕ ਨਵਾਂ ਮੋੜ ਆਇਆ। ਉਸ ਵਿਅਕਤੀ ਨੂੰ ਇਸ ਲੜਕੀ ਦੇ ਨਾਲ ਪਿਆਰ ਹੋ ਗਿਆ। ਜਿਵੇਂ ਹੀ ਉਨ੍ਹਾਂ ਦਾ ਵਿਆਹ ਹੋਇਆ ਉਸ ਨੇ ਨਿਯਮਾਂ ਦੀ ਉਹ ਸੂਚੀ ਫ੍ਰਿਜ ਦੇ ਦਰਵਾਜ਼ੇ ਤੋਂ ਉਤਾਰ ਦਿੱਤੀ। ਪਰ ਉਹ ਕੰਮ ਕਰਦੀ ਰਹੀ, ਪਹਿਲਾਂ ਨਾਲੋਂ ਜ਼ਿਆਦਾ ਅਤੇ ਬਿਹਤਰ, ਪਰ ਹੁਣ ਉਹ ਇਹ ਸਭ ਆਪਣੀ ਨੌਕਰੀ ਬਚਾਉਣ ਲਈ ਨਹੀਂ ਪਰ ਪ੍ਰੇਮ ਸਦਕਾ ਕਰ ਰਹੀ ਸੀ।

ਜਦੋਂ ਕਿਰਪਾ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਂਦਾ ਹੈ, ਤਾਂ ਇਹ ਪਵਿੱਤਰ ਜੀਵਨ ਜਿਉਣ ਲਈ ਸਭ ਤੋਂ ਤਕੜਾ ਮਕਸਦ ਬਣ ਜਾਂਦਾ ਹੈ। ਇਸ ਨੂੰ ਇਵੇਂ ਸੋਚ ਕੇ ਵੇਖੋ!

ਪ੍ਰਭੂ ਯਿਸੂ ਨੇ ਆਪਣੀ ਜਾਨ ਇਸ ਲਈ ਦਿੱਤੀ ਕਿ ਉਹ ਵਿਸ਼ਵਾਸੀਆਂ ਨੂੰ ਪਵਿੱਤਰ ਕਰਕੇ ਆਪਣੇ ਲਈ ਵੱਖਰੇ ਕਰ ਲਵੇ। ਕੀ ਹੁਣ ਉਹ ਉਹੋ ਕੁਝ ਹੀ ਕਰਦੇ ਰਹਿਣਾ ਚਾਹੁੰਦੇ ਹਨ ਜਿਸ ਦੇ ਕਾਰਨ ਉਸ ਦੀ ਮੌਤ ਹੋਈ ਸੀ?

ਉਸ ਨੇ ਆਪਣੇ ਆਪ ਨੂੰ ਆਪਣੇ ਲੋਕਾਂ ਦਾ ਪਰਮ ਮਿੱਤਰ ਪ੍ਰਮਾਣਿਤ ਕੀਤਾ ਹੈ। ਕੀ ਉਨ੍ਹਾਂ ਨੂੰ ਇਹ ਟੀਚਾ ਨਹੀਂ ਬਣਾ ਲੈਣਾ ਚਾਹੀਦਾ ਹੈ ਕਿ ਹੁਣ ਉਹ ਆਪਣਿਆਂ ਕੰਮਾਂ ਅਤੇ ਆਪਣੀਆਂ ਗੱਲਾਂ ਰਾਹੀਂ ਆਪਣੇ ਆਪ ਨੂੰ ਉਸ ਦੀਆਂ ਨਜ਼ਰਾਂ ਵਿਚ ਪ੍ਰਸੰਨ ਕਰਨ ਵਾਲੇ ਪ੍ਰਮਾਣਿਤ ਕਰਨ?

ਜਦੋਂ ਉਹ ਮਰਿਆ ਤਾਂ ਉਨ੍ਹਾਂ ਦੇ ਪ੍ਰਤਿਨਿਧੀ ਵੱਜੋਂ ਮਰਿਆ। ਜਦੋਂ ਉਹ ਮਰਿਆਂ ਉਦੋਂ ਉਹ ਸਾਰੇ ਵੀ ਮਰ ਗਏ। ਜੇਕਰ ਅਵਸਥਾ ਦੀ ਗੱਲ ਕਰੀਏ ਤਾਂ ਪਾਪ ਦੇ ਪ੍ਰਤੀ ਉਹ ਸਾਰੇ ਮਰ ਚੁੱਕੇ ਹਨ। ਹੁਣ ਆਪਣੀ ਰੋਜਾਨਾ ਦੀ ਜ਼ਿੰਦਗੀ ਵਿਚ ਉਹ ਆਪਣੇ ਆਪ ਨੂੰ ਪਾਪ ਦੇ ਪ੍ਰਤੀ ਮਰਿਆ ਹੋਇਆ ਹੀ ਜਾਣਨ। ਪੌਲੁਸ ਰੋਮੀਆਂ 6 ਵਿਚ ਇਸੇ ਤੱਥ ਉੱਤੇ ਆਪਣੇ ਤਰਕ ਪੇਸ਼ ਕਰਦਾ ਹੈ। ਉਹ ਪੁੱਛਦਾ ਹੈ, "ਕੀ ਅਸੀਂ ਪਾਪ ਕਰਨ ਵਿਚ ਲੱਗੇ ਰਹੀਏ ਭਈ ਕਿਰਪਾ ਬਾਹਲੀ ਹੋਵੇ?"[123] ਫਿਰ ਉਹ ਆਪਣੀ ਨਰਾਜ਼ਗੀ ਪੇਸ਼ ਕਰਦੇ ਹੋਏ ਇਸ ਦਾ ਜਵਾਬ ਦਿੰਦਾ ਹੈ, "ਅਸੀਂ ਜਿਹੜੇ ਪਾਪ ਦੀ ਵੱਲੋਂ ਮੋਏ ਹੁਣ ਅਗਾਹਾਂ ਨੂੰ ਓਸ ਵਿਚ ਕਿੱਕੁਰ ਜੀਵਨ ਕੱਟੀਏ?"[124]

ਕਿਰਪਾ ਰਾਹੀਂ ਮੁਕਤੀ ਪ੍ਰਾਪਤ ਕਰਨ ਤੋਂ ਪਹਿਲਾਂ ਇਨਸਾਨ ਪਾਪ ਦਾ ਗੁਲਾਮ ਹੁੰਦਾ ਹੈ। ਪਰ ਹੁਣ ਉਹ ਧਾਰਮਿਕਤਾ ਦਾ ਗੁਲਾਮ ਹੈ। ਉਸ ਨੂੰ ਤਾਂ ਇਸ ਪਵਿੱਤਰ ਗੁਲਾਮੀ ਪ੍ਰਤੀ ਸਮਰਪਿਤ ਹੋਣ ਲਈ ਆਪ ਰਾਜ਼ੀ ਹੋ ਜਾਣਾ ਚਾਹੀਦਾ ਹੈ।

ਕਿਸੇ ਨੇ ਇਸ ਨੂੰ ਇਸ ਤਰ੍ਹਾਂ ਆਖਿਆ: ਕੁਰਬਾਨੀ ਦੀ ਮਹਾਨਤਾ ਦੀ ਤੁਲਨਾ ਪਾਪ ਦੀ ਕਰੂਰਤਾ ਨਾਲ ਕਰੋ ਅਤੇ ਫਿਰ ਫੈਸਲਾ ਕਰੋ ਕਿ ਹੁਣ ਤੁਸੀਂ ਪਾਪ ਤੋਂ ਹਮੇਸ਼ਾ ਲਈ ਆਪਣਾ ਪਿੱਛਾ ਛੁਡਾ ਲਓਗੇ।

ਜੌਨ ਬਨਯਨ ਨੇ ਇਸ ਨੂੰ ਹੋਰ ਵੀ ਸਖ਼ਤ ਸ਼ਬਦਾਂ ਵਿਚ ਦਰਸ਼ਾਇਆ: "ਪਾਪ ਦਾ ਅਰਥ ਹੈ ਪਰਮੇਸ਼ਰ ਦੇ ਇਨਸਾਫ਼ ਨੂੰ ਲਲਕਾਰਨਾ, ਉਸ ਦੀ ਦਯਾ ਦਾ ਨਾਜਾਇਜ਼ ਫ਼ਾਇਦਾ ਉਠਾਉਣਾ, ਉਸ ਦੇ ਧੀਰਜ ਦਾ ਮਖੌਲ ਉਡਾਉਣਾ, ਉਸ ਦੀ ਸਮਰੱਥਾ ਨੂੰ ਤੁੱਛ ਸਮਝਣਾ ਅਤੇ ਉਸ ਦੇ ਪ੍ਰੇਮ ਦੀ ਬੇਅਦਬੀ ਕਰਨਾ।"

ਪਰਮੇਸ਼ਰ ਅਤੇ ਲੋਕਾਂ ਵਿਚਕਾਰ ਪਈ ਵਿੱਥ ਨੂੰ ਪੂਰਨ ਵਾਲਾ ਪੁਲ ਬਹੁਤ ਵੱਡੀ ਕੀਮਤ ਅਦਾ ਕਰਕੇ ਖਰੀਦਿਆ ਗਿਆ ਹੈ, ਇਸ ਲਈ ਇਸ ਉੱਤੇ ਵਾਪਸ ਨਹੀਂ ਜਾਇਆ ਜਾ ਸਕਦਾ।

## ਇਕ ਢੁਕਵਾਂ ਜੀਵਨ ਕੀ ਹੁੰਦਾ ਹੈ?

ਹੁਣ ਸਵਾਲ ਇਹ ਹੈ, "ਮੈਨੂੰ ਕਿਵੇਂ ਪਤਾ ਲੱਗੇਗਾ ਕਿ ਇਕ ਢੁਕਵਾਂ ਜੀਵਨ ਕੀ ਹੁੰਦਾ ਹੈ?" ਇਸ ਦਾ ਉੱਤਰ ਪਰਮੇਸ਼ਰ ਦੇ ਵਚਨ ਵਿਚ ਦਿੱਤੀਆਂ ਗਈਆਂ ਵਿਹਾਰਕ ਹਿਦਾਇਤਾਂ ਵਿਚ ਮਿਲਦਾ ਹੈ। ਨਵੇਂ ਨੇਮ ਵਿਚ ਅਜਿਹੇ ਸੈਂਕੜੇ ਹੁਕਮ ਹਨ, ਪਰ ਇਥੇ ਸਾਨੂੰ ਇਕ ਗੱਲ ਤੁਰੰਤ ਸਾਫ਼ ਕਰ ਦੇਣੀ ਚਾਹੀਦੀ ਹੈ। ਇਹ ਹੁਕਮ *ਸ਼ਰਾ ਦੀ ਤਰ੍ਹਾਂ ਨਹੀਂ ਦਿੱਤੇ ਗਏ ਹਨ ਜਿਨ੍ਹਾਂ ਦੀ ਹੁਕਮ-ਅਦੂਲੀ ਨਾਲ ਸਜ਼ਾ ਜੁੜੀ ਹੋਈ ਹੈ।* ਸਗੋਂ ਇਹ ਤਾਂ ਧਾਰਮਕਿਤਾ ਦੇ ਨਾਲ ਦਿੱਤੀਆਂ ਗਈਆਂ ਹਿਦਾਇਤਾਂ ਹਨ ਜਿਹੜੀਆਂ ਇਸ ਸਵਾਲ ਦਾ ਜਵਾਬ ਦਿੰਦੀਆਂ ਹਨ, "ਜਿਹੜਾ ਵਿਅਕਤੀ ਕਿਰਪਾ ਦੇ ਰਾਹੀਂ ਮੁਕਤੀ ਪ੍ਰਾਪਤ ਕਰ ਚੁੱਕਾ ਹੈ ਉਸ ਦਾ ਸੁਭਾਅ ਕਿਹੋ ਜਿਹਾ ਹੋਣਾ ਚਾਹੀਦਾ ਹੈ?" ਇਥੇ ਕੁਝ ਉਦਾਹਰਣ ਦਿੱਤੇ ਗਏ ਹਨ ਜਿਹੜੇ ਵਚਨ ਦੇ ਇਕੋ ਹਿੱਸੇ ਵਿਚੋਂ ਲਏ ਗਏ ਹਨ:[125]

"...ਝੂਠ ਨੂੰ ਤਿਆਗ ਕੇ ਹਰੇਕ ਆਪਣੇ ਗੁਆਂਢੀ ਨਾਲ ਸੱਚ ਬੋਲੇ..."

"ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ।"

"ਚੋਰੀ ਕਰਨ ਵਾਲਾ ਅਗਾਹਾਂ ਨੂੰ ਚੋਰੀ ਨਾ ਕਰੇ ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ ਭਈ ਜਿਹ ਨੂੰ ਲੋੜ ਹੈ ਉਹ ਨੂੰ ਵੰਡ ਦੇਣ ਕੁਝ ਉਹ ਦੇ ਕੋਲ ਹੋਵੇ।"

"ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿਕਲੇ।"

"ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ...ਉਦਾਸ ਨਾ ਕਰੋ।"

"ਸਭ ਕੁੜੱਤਣ, ਕ੍ਰੋਧ, ਕੋਪ, ਰੌਲਾ, ਅਰੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ।"

"ਇਕ ਦੂਏ ਉੱਤੇ ਕਿਰਪਾਵਾਨ, ਅਤੇ ਤਰਸਵਾਨ ਹੋਵੋ ਅਤੇ ਇਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ਰ ਨੇ ਵੀ ਮਸੀਹ ਵਿਚ ਤੁਹਾਨੂੰ ਮਾਫ਼ ਕੀਤਾ।"

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਿਹੜੀ ਕਿਰਪਾ ਮੁਕਤੀ ਲੈ ਕੇ ਆਈ ਉਹੀ ਕਿਰਪਾ ਇਹ ਵੀ ਸਿਖਾਉਂਦੀ ਹੈ ਕਿ, "ਅਸੀਂ ਅਭਗਤੀ ਅਤੇ ਸੰਸਾਰੀ ਵਿਸ਼ਿਆਂ ਤੋਂ ਮਨ ਫੇਰ ਕੇ ਇਸ ਵਰਤਮਾਨ ਜੁੱਗ ਵਿਚ ਸੁਰਤ, ਧਰਮ ਅਤੇ ਭਗਤੀ ਨਾਲ ਉਮਰ ਬਤੀਤ ਕਰੀਏ।"[126]

ਸਟ੍ਰੋਮਬੈੱਕ ਇਹ ਗੱਲ ਸਾਹਮਣੇ ਲਿਆਉਂਦੇ ਹਨ, "ਅੱਜ ਮਸੀਹੀ ਜੀਵਨ ਦੇ ਨੀਚ ਪੱਧਰ ਦਾ ਮੁੱਖ ਕਾਰਨ ਇਹ ਹੈ ਕਿ ਕਿਰਪਾ ਦੀ ਅਧੂਰੀ ਸਿੱਖਿਆ ਦਿੱਤੀ ਜਾ ਰਹੀ ਹੈ। ਅਜਿਹੀਆਂ ਸਭ ਗਲਤ ਧਾਰਨਾਵਾਂ, ਕਿ ਕਿਰਪਾ ਉੱਤੇ ਜ਼ਰੂਰਤ ਨਾਲੋਂ ਜ਼ਿਆਦਾ ਜ਼ੋਰ ਦੇਣ ਕਾਰਨ ਲੋਕਾਂ ਨੂੰ ਪਾਪ ਕਰਨ ਦੀ ਛੂਟ ਮਿਲ ਜਾਂਦੀ ਹੈ, ਉਦੋਂ ਖਤਮ ਹੋਣ ਜਾਣਗੀਆਂ ਜਦੋਂ ਕਿਰਪਾ ਉੱਤੇ ਸੰਪੂਰਨ ਪ੍ਰਚਾਰ ਕੀਤਾ ਜਾਵੇਗਾ ਅਤੇ ਇਸ ਨੂੰ ਪੂਰੀ ਤਰ੍ਹਾਂ ਸਮਝਿਆ ਜਾਵੇਗਾ।"[127]

# 13

# ਇਹ ਕਿਰਪਾ ਅੰਤ ਤਕ ਰਹਿੰਦੀ ਹੈ

ਮਸੀਹੀ ਜੀਵਨ ਸ਼ੁਰੂ ਤੋਂ ਲੈ ਕੇ ਅੰਤ ਤਕ ਕੇਵਲ ਕਿਰਪਾ ਹੀ ਕਿਰਪਾ ਹੈ। ਸੰਪੂਰਨ ਕਿਰਪਾ ਦਾ ਪਰਮੇਸ਼ਰ ਆਪਣੇ ਪ੍ਰੇਮੀਆਂ ਉੱਤੇ ਆਪਣੀ ਕਿਰਪਾ ਵਰ੍ਹਾਉਣਾ ਕਦੇ ਵੀ ਬੰਦ ਨਹੀਂ ਕਰਦਾ। ਕਦੇ-ਕਦੇ ਹੋ ਸਕਦਾ ਹੈ ਕਿ ਉਸ ਦੀ ਕਿਰਪਾ ਉੰਨੀ ਪ੍ਰਤੱਖ ਨਾ ਹੋਵੇ, ਪਰ ਜਦੋਂ ਤੁਸੀਂ ਵਾਪਿਸ ਮੁੜ ਕੇ ਵੇਖਦੇ ਹੋ ਤਾਂ ਤੁਹਾਨੂੰ ਇਹ ਸਪਸ਼ਟ ਹੋ ਜਾਵੇਗਾ ਕਿ ਉਸ ਨੇ ਆਪਣੀ ਦਯਾ ਨੂੰ ਕਦੇ ਨਹੀਂ ਭੁਲਾਇਆ ਹੈ।

ਵਿਸ਼ਵਾਸੀਆਂ ਨੂੰ ਆਪਣੀ ਹਿਫ਼ਾਜ਼ਤ ਦੇ ਚਮਤਕਾਰ ਵਿਚ ਵੀ ਕਿਰਪਾ ਨਜ਼ਰ ਆਉਂਦੀ ਹੈ। ਸਾਡੇ ਆਲੇ-ਦੁਆਲੇ ਘੁੰਮ ਰਹੇ ਰੋਗਾਣੂਆਂ ਅਤੇ ਜੀਵਾਣੂਆਂ ਨੂੰ, ਹਾਦਸਿਆਂ ਦੀਆਂ ਅਣਗਿਣਤ ਸੰਭਾਵਨਾਵਾਂ ਨੂੰ, ਯਾਤਰਾਵਾਂ ਦੌਰਾਨ ਆਉਣ ਵਾਲੇ ਜੋਖਮਾਂ ਨੂੰ ਅਤੇ ਹਿੰਸਕ ਲੋਕਾਂ ਦਿਆਂ ਖ਼ਤਰਿਆਂ ਨੂੰ ਧਿਆਨ ਵਿਚ ਰੱਖਦਿਆਂ ਇਹ ਚਮਤਕਾਰ ਤੋਂ ਘੱਟ ਨਹੀਂ ਹੈ ਕਿ ਸਾਡੀ ਜ਼ਿੰਦਗੀ ਫਿਰ ਵੀ ਚੱਲੀ ਜਾਂਦੀ ਹੈ।

ਪ੍ਰਭੂ ਦੀ ਅਗਵਾਈ ਵਿਚ ਉਸ ਦੀ ਕਿਰਪਾ ਬਾਰੇ ਸੋਚੋ। ਉਹ ਇੰਨੇ ਸਾਰੇ ਲੋਕਾਂ ਨੂੰ ਚਲਾਉਂਦਾ ਹੈ ਅਤੇ ਉਹ ਵੀ ਆਪਣੀ ਰੱਬੀ ਹਿਫ਼ਾਜ਼ਤ ਅਤੇ ਸਿੱਧ ਨਿਪੁੰਨਤਾ ਦੇ ਨਾਲ, ਤਾਂ ਜੋਂ ਅਸੀਂ ਸਾਰੇ ਇਹ ਆਖ ਸਕੀਏ:

ਦਯਾ ਅਤੇ ਇਨਸਾਫ਼ ਦੇ ਨਾਲ  
ਉਸ ਨੇ ਮੇਰੇ ਜੀਵਨ ਦਾ ਤਾਣਾ-ਬਾਣਾ ਬੁਣਿਆ ਹੈ।  
ਅਤੇ ਹਰ ਕੋਈ ਹੁਣ ਇਹ ਗਾ ਸਕਦਾ ਹੈ  
ਮੇਰੇ ਯਿਸੂ ਨੇ ਸਭਕੁਝ ਕਿੰਨਾ ਵਧੀਆ ਬਣਾਇਆ ਹੈ।

ਕਦੇ-ਕਦੇ ਜ਼ਿੰਦਗੀ ਦਾ ਕਾਫ਼ਲਾ ਅਜਿਹੇ ਮਾਰੂਥਲ ਵਿਚੋਂ ਗੁਜ਼ਰਦਾ ਹੈ ਜਿਥੇ ਰਾਹ ਦਾ ਕੁਝ ਪਤਾ ਨਹੀਂ ਚੱਲਦਾ, ਅਤੇ ਕਦੇ-ਕਦੇ ਅਜਿਹਾ ਲੱਗਦਾ ਹੈ ਕਿ ਜਿਵੇਂ ਚਾਰੇ ਪਾਸੇ ਬਾਰੂਦੀ ਸੁਰੰਗਾ ਵਿਛੀਆਂ ਹੋਈਆਂ ਹਨ। ਪਰ ਫਿਰ ਵੀ ਜ਼ਿੰਦਗੀ ਦੇ ਹਰ ਕਦਮ 'ਤੇ ਉਹ "ਆਪਣੀ ਮਿੱਠੜੀ ਅਤੇ ਅਥੱਕ ਤਸ਼ਵੀਸ਼ ਨਾਲ ਆਪਣੇ ਉਸ ਝੁੰਡ ਦੀ ਅਗਵਾਈ ਕਰਦਾ ਹੈ ਜਿਸ ਲਈ ਉਸ ਨੇ ਆਪਣਾ ਲਹੂ ਵਹਾਇਆ।" ਅਤੇ ਫਿਰ ਉਸ ਦੇ ਹਰੇਕ ਪ੍ਰਬੰਧ ਵਿਚ ਵੀ ਉਸ ਦੀ ਕਿਰਪਾ ਦਿਖਾਈ ਦਿੰਦੀ ਹੈ। ਇਹ ਦਰਿਆ-ਦਿਲ ਪਰਮੇਸ਼ਰ ਆਪਣਿਆਂ ਪਿਆਰਿਆਂ ਦੀ ਹਰੇਕ ਲੋੜ ਨੂੰ ਮਸੀਹ ਯਿਸੂ ਦੇ ਰਾਹੀਂ ਆਪਣੇ ਜਲਾਲ ਦੇ ਅਤੁੱਟ ਸਵਰਗੀ ਭੰਡਾਰਿਆਂ ਵਿਚੋਂ ਪੂਰਾ ਕਰਦਾ ਹੈ। ਉਹ ਉਨ੍ਹਾਂ ਨੂੰ ਚੰਗੀ ਤੋਂ ਚੰਗੀ ਕਣਕ ਖੁਆਲਦਾ ਅਤੇ ਪਹਾੜੀ ਸ਼ਹਿਤ ਨਾਲ ਤ੍ਰਿਪਤ ਕਰਦਾ ਹੈ,[128] ਅਤੇ ਉਨ੍ਹਾਂ ਦਾ ਭੋਜਨ ਉਨ੍ਹਾਂ ਨੂੰ ਸਮੇਂ ਸਿਰ ਦਿੰਦਾ ਹੈ।

ਹਰੇਕ ਹਾਲਾਤ ਉੱਤੇ ਉਸ ਦੇ ਨਿਯੰਤ੍ਰਣ, ਉਸ ਦੇ ਸਮੇਂ ਅਤੇ ਘਟਨਾਵਾਂ ਦੇ ਕ੍ਰਮ ਵਿਚ ਉਸ ਦਾ ਪ੍ਰਬੰਧ ਸਾਫ਼ ਝਲਕਦਾ ਹੈ। ਆਪਣੀ ਕਿਰਪਾ ਵਿਚ ਉਹ ਇਸ ਗੱਲ ਦੀ ਗਾਰੰਟੀ ਦਿੰਦਾ ਹੈ ਕਿ ਕੋਈ ਵੀ ਘਟਨਾ ਇਤਫ਼ਾਕਨ ਨਹੀਂ ਵਾਪਰ ਰਹੀ ਹੈ। ਸਗੋਂ ਉਹ ਆਪ ਸਭਨਾਂ ਘਟਨਾਵਾਂ ਵਿਚ ਇਸ ਤਰ੍ਹਾਂ ਕੰਮ ਕਰਦਾ ਹੈ ਕਿ ਜਿਹੜੇ ਲੋਕ ਉਸ ਨੂੰ ਪ੍ਰੇਮ ਕਰਦੇ ਹਨ, ਉਨ੍ਹਾਂ ਲਈ ਸਭਨਾਂ ਗੱਲਾਂ ਮਿਲ ਕੇ ਭਲਾਈ ਨੂੰ ਹੀ ਉਤਪੰਨ ਕਰਦੀਆਂ ਹਨ। ਕਿਉਂਕਿ ਉਸ ਦੀ ਸੰਤਾਨ ਉਸ ਦੀਆਂ ਅੱਖਾਂ ਦਾ ਤਾਰਾ ਹੈ ਇਸ ਲਈ ਉਹ ਪ੍ਰਤਿੱਗਿਆ ਕਰਦਾ ਹੈ ਕਿ ਉਨ੍ਹਾਂ ਦੇ ਵਿਰੁੱਧ ਬਣਾਇਆ ਜਾਣ ਵਾਲਾ ਹਰੇਕ ਹਥਿਆਰ ਨਿਕੰਮਾ ਠਹਿਰੇਗਾ, ਅਤੇ ਉਨ੍ਹਾਂ ਦੇ ਵਿਰੁੱਧ ਉੱਠਣ ਵਾਲੀ ਹਰੇਕ ਜੀਭ ਦੋਸ਼ੀ ਠਹਿਰਾਈ ਜਾਵੇਗੀ।[129] ਉਹ ਆਪਣੇ ਜਲਾਲ ਅਤੇ ਆਪਣੇ ਲੋਕਾਂ ਦੇ ਹਿਤ ਸਦਕਾ ਦੁਸ਼ਟਾਂ ਦੀ ਦੁਸ਼ਟਤਾ ਦੇ ਵਿਰੁੱਧ ਨਿਆਂ ਕਰਦਾ ਹੈ।

ਪ੍ਰਭੂ ਦੀ ਕਿਰਪਾ ਹੋਰ ਕਿਸੇ ਵੀ ਸਮੇਂ ਨਾਲੋਂ ਉਸ ਦੀ ਮਾਫ਼ੀ ਵਿਚ ਸਭ ਤੋਂ ਵਧੀਕ ਸੋਭਾ ਨਾਲ ਚਮਕਦੀ ਹੈ। ਉਸ ਦੀ ਕਿਰਪਾ ਦੇ ਪਰਿਮਾਪ ਨੂੰ ਕੋਈ ਨਹੀਂ ਮਾਪ ਸਕਦਾ। ਰਾਜਾ ਦਾਊਦ ਨੇ ਜੋ ਕੀਤਾ ਉਸ ਬਾਰੇ ਜ਼ਰਾ ਸੋਚ ਕੇ ਵੇਖੋ। ਪਹਿਲਾਂ ਤਾਂ ਉਸ ਨੇ ਬਥ-ਸ਼ਬਾ ਨਾਲ ਵਿਭਚਾਰ ਕੀਤਾ ਜਦੋਂ ਉਸ ਦਾ ਪਤੀ ਉਰਿੱਯਾਹ ਜੰਗ ਵਿਚ ਗਿਆ ਹੋਇਆ ਸੀ। ਫਿਰ ਜਦੋਂ ਦਾਊਦ ਨੇ ਆਪਣੇ ਇਸ ਵਫ਼ਾਦਾਰ ਸੈਨਾਪਤੀ ਨੂੰ ਸੱਦਾ ਭੇਜ ਕੇ ਬੁਲਾਇਆ

ਤਾਂ ਅਜਿਹੇ ਹਾਲਾਤ ਤਿਆਰ ਕਰਨ ਦਾ ਜਤਨ ਕੀਤਾ ਕਿ ਇਵੇਂ ਜਾਪੇ ਭਈ ਬਥ-ਸ਼ਬਾ ਦੀ ਕੁੱਖ ਵਿਚ ਪਲ ਰਿਹਾ ਬੱਚਾ ਉਸ ਦੇ ਆਪਣੇ ਪਤੀ ਤੋਂ ਹੀ ਹੈ। ਅਜਿਹਾ ਕਰਨ ਵਿਚ ਅਸਫਲ ਹੋ ਜਾਣ ਦੇ ਕਾਰਨ ਉਸ ਨੇ ਸਭ ਤੋਂ ਨੀਚ ਚਾਲ ਚਲਦਿਆਂ ਊਰਿੱਯਾਹ ਨੂੰ ਜੰਗ ਵਿਚ ਅਜਿਹੀ ਥਾਂ ਭੇਜਣ ਦੇ ਹੁਕਮ ਦੇ ਦਿੱਤਾ ਜਿਥੇ ਉਹ ਵੈਰੀ ਦੇ ਹਮਲਿਆਂ ਦਾ ਸਿੱਧਾ ਨਿਸ਼ਾਨਾ ਬਣੇ ਅਤੇ ਉਸ ਦੀ ਮੌਤ ਨਿਸ਼ਚਿਤ ਹੋ ਜਾਵੇ। ਰਾਜਾ ਦੇ ਲਈ ਅਜਿਹੀ ਬਦਚਲਣੀ ਅਤੇ ਅਜਿਹਾ ਵਿਸ਼ਵਾਸਘਾਤ ਘਿਣਾਉਣਾ ਸੀ ਅਤੇ ਉਸ ਵਰਗੇ ਪਾਤਸ਼ਾਹ ਨੂੰ ਬਿਲਕੁਲ ਵੀ ਫਬਦਾ ਨਹੀਂ ਸੀ। ਪਰ ਫਿਰ ਵੀ ਜਿਵੇਂ ਹੀ ਉਸ ਨੇ ਤੋਬਾ ਕੀਤੀ, ਉਸ ਨੇ ਬੰਧਨ ਮੁਕਤ ਕਰ ਦੇਣ ਵਾਲੇ ਇਹ ਸ਼ਬਦ ਸੁਣੇ, "ਯਹੋਵਾਹ ਨੇ ਤੇਰਾ ਪਾਪ ਬਖਸ਼ ਦਿੱਤਾ ਹੈ..." ਇਸੇ ਅਲੌਕਿਕ ਮਾਫ਼ੀ ਸਦਕਾ ਹੀ ਸੈਮੂਏਲ ਡੇਵਿਸ ਇਸ ਤਰ੍ਹਾਂ ਲਿਖ ਸਕੇ:

ਮਹਾਨ ਚਮਤਕਾਰੀ ਪਰਮੇਸ਼ਰ! ਤੇਰੇ ਸਾਰੇ ਰਾਹ
ਤੇਰੇ ਰੱਬੀ ਗੁਣਾਂ ਨੂੰ ਦਰਸ਼ਾਉਂਦੇ ਹਨ;
ਪਰ ਤੇਰੀ ਕਿਰਪਾ ਦੀ ਰੋਸ਼ਨ ਸੋਭਾ
ਤੇਰੇ ਬਾਕੀ ਸਾਰਿਆਂ ਚਮਤਕਾਰਾਂ ਨਾਲੋਂ ਵਧੀਕ ਲਿਸ਼ਕਦੀ ਹੈ:
ਪਰਮੇਸ਼ਰ, ਤੇਰੇ ਜਿਹੀ ਮਾਫ਼ੀ ਕੌਣ ਦੇ ਸਕਦਾ ਹੈ?
ਜਾਂ ਤੇਰੇ ਵਾਂਗ ਕਿਰਪਾ ਵਿਚ ਧਨੀ ਅਤੇ ਖੁਦਮੁਖਤਿਆਰ ਹੋਰ ਕੌਣ ਹੈ?
ਕਿ ਇੰਨੇ ਗੰਭੀਰ ਅਪਰਾਧ ਮਾਫ਼ ਕਰੇ!
ਕਿ ਵਿਰੋਧ ਕਰਨ ਵਾਲੇ ਦੋਸ਼ੀ ਕੀੜਿਆਂ ਤਕ ਨੂੰ ਬਖਸ਼ ਦੇਵੇ!

ਇਹ ਤੇਰਾ ਹੀ ਸ਼ਾਨਦਾਰ ਪਰਮ ਅਧਿਕਾਰ ਹੈ
ਅਤੇ ਇਹ ਸਨਮਾਨ ਹੋਰ ਕਿਸੇ ਨੂੰ ਨਾ ਮਿਲੇਗਾ:
ਪਰਮੇਸ਼ਰ, ਤੇਰੇ ਜਿਹੀ ਮਾਫ਼ੀ ਕੌਣ ਦੇ ਸਕਦਾ ਹੈ?
ਜਾਂ ਤੇਰੇ ਵਾਂਗ ਕਿਰਪਾ ਵਿਚ ਧਨੀ ਅਤੇ ਖੁਦਮੁਖਤਿਆਰ ਹੋਰ ਕੌਣ ਹੈ?

ਸਾਡਾ ਪਰਮੇਸ਼ਰ ਆਪਣੇ ਲੋਕਾਂ ਨੂੰ ਉਨ੍ਹਾਂ ਦੀ ਹਰੇਕ ਲੋੜ ਵੇਲੇ ਅਜਿਹੀ ਕਿਰਪਾ ਦਿੰਦਾ ਹੈ ਜਿਹੜੀ ਉਨ੍ਹਾਂ ਨੂੰ ਸਾਂਭੀ ਰੱਖਦੀ ਹੈ। ਭਾਵੇਂ ਉਹ ਕਿਸੇ ਵੱਡੇ ਆਪਰੇਸ਼ਨ ਦਾ ਸਾਹਮਣਾ ਹੀ ਕਿਉਂ ਨਾ ਕਰ ਰਹੇ ਹੋਣ, ਉਸ ਵੇਲੇ ਵੀ ਉਹ ਅਜਿਹੀ ਸ਼ਾਂਤੀ ਦਾ ਅਨੁਭਵ ਕਰ ਸਕਦੇ ਹਨ ਜਿਹੜੀ ਉਨ੍ਹਾਂ ਦੀ ਸਮਝ ਤੋਂ ਪਰੇ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੇ ਰੋਗ ਵਿਚ ਵੀ ਉਹ ਅਜਿਹਾ

ਬਲ ਮਹਿਸੂਸ ਕਰ ਸਕਦੇ ਹਨ ਜਿਹੜਾ ਕੇਵਲ ਰੱਬੀ ਹੱਥਾਂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਸ਼ਹੀਦਾਂ ਨੂੰ ਅਜਿਹੀ ਸਵਰਗੀ ਦਿਲੇਰੀ ਪ੍ਰਾਪਤ ਹੁੰਦੀ ਹੈ ਜਿਹੜੀ ਉਨ੍ਹਾਂ ਨੂੰ ਗੋਲੀਆਂ ਅਤੇ ਅੱਗ ਤਕ ਸਹਾਰ ਜਾਣ ਦੀ ਹਿੰਮਤ ਦਿੰਦੀ ਹੈ। ਅਤੇ ਪਰਮੇਸ਼ਰ ਆਪਣੇ ਲੋਕਾਂ ਨੂੰ ਉਸ ਵੇਲੇ ਮੌਤ ਦਾ ਸਾਹਮਣਾ ਕਰਨ ਦੀ ਕਿਰਪਾ ਵੀ ਦਿੰਦਾ ਹੈ, ਜਿਸ ਵੇਲੇ ਇਸ ਧਰਤੀ ਉੱਤੇ ਉਨ੍ਹਾਂ ਦਾ ਕੰਮ ਪੂਰਾ ਹੋ ਜਾਂਦਾ ਹੈ, ਪਰ ਉਦੋਂ ਤਕ ਇਹ ਕਿਰਪਾ ਉਨ੍ਹਾਂ ਕੋਲੋਂ ਦੂਰ ਹੀ ਰਹਿੰਦੀ ਹੈ।

ਕਿਰਪਾ ਦਾ ਸਭ ਤੋਂ ਮਹਾਨ ਪ੍ਰਦਰਸ਼ਨ ਉਸ ਵੇਲੇ ਹੋਇਆ ਜਦੋਂ ਬੇਹਿਸਾਬ ਧਨੀ ਅੱਤ ਕੰਗਾਲ ਬਣਾ ਗਿਆ ਤਾਂ ਜੋ ਅਯੋਗ ਪਾਪੀ ਇੰਨੇ ਧਨੀ ਹੋ ਜਾਣ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਇਹ ਅਕੱਥ ਕਿਰਪਾ ਹੀ ਸੀ ਜਿਸ ਨੇ ਕਲਵਰੀ ਤੋਂ ਪ੍ਰਾਰਥਨਾ ਕੀਤੀ, "ਹੇ ਪਿਤਾ, ਇਨ੍ਹਾਂ ਨੂੰ ਮਾਫ਼ ਕਰ ਦੇ, ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।"[130]

ਇਹ ਰੱਬੀ ਕਿਰਪਾ ਹੀ ਸੀ ਜਿਸ ਨੇ ਪਰਮੇਸ਼ਰ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਪਵਿੱਤਰ ਆਤਮਾ ਨੂੰ ਉਸੇ ਨਗਰ ਵਿਚ ਭੇਜੇ ਜਿੱਥੇ ਕੁਝ ਚਿਰ ਪਹਿਲਾਂ ਹੀ ਉਸ ਦੇ ਅਵਤਾਰੀ ਪੁੱਤਰ ਦੀ ਹੱਤਿਆ ਕੀਤੀ ਗਈ ਸੀ।

ਕਿਉਂਕਿ ਪਰਮੇਸ਼ਰ ਇਸ ਅਤੁੱਲ ਕਿਰਪਾ ਦਾ ਦਾਨੀ ਹੈ, ਇਸ ਲਈ ਜ਼ਬੂਰਕਾਰ ਇਸ ਗੱਲ ਨੂੰ ਸਮਝ ਗਿਆ ਅਤੇ ਆਖ ਸਕਿਆ ਕਿ ਪਰਮੇਸ਼ਰ ਦੇ ਵਿਚਾਰ ਉਸ ਦੇ ਲਈ ਰੇਤ ਦੇ ਦਾਣਿਆਂ ਨਾਲੋਂ ਵੀ ਵੱਧ ਹਨ[131] ਅਤੇ ਉਸ ਦੀ ਵਫ਼ਾਦਾਰੀ ਬੱਦਲਾਂ ਤੀਕ ਹੈ।[132] ਵਿਸ਼ਵਾਸੀ ਕਿੰਨੇ ਖੁਸ਼ ਹੋ ਸਕਦੇ ਹਨ ਕਿ ਪਰਮੇਸ਼ਰ ਨੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਾਪਾਂ ਦੇ ਅਨੁਸਾਰ ਵਿਹਾਰ ਨਹੀਂ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਦਿਆਂ ਅਪਰਾਧਾਂ ਅਨੁਸਾਰ ਉਨ੍ਹਾਂ ਨੂੰ ਸਜ਼ਾ ਦਿੱਤੀ ਹੈ।[133] "ਉਸ ਦਾ ਰਹਿਮ ਅਤੁੱਟ ਹੈ। ਉਹ ਹਰ ਸਵੇਰ ਨੂੰ ਤਾਜ਼ਾ ਹੁੰਦਾ ਹੈ।"[134]

ਇਹੋ ਹੈ ਅਤੁੱਟ ਕਿਰਪਾ, ਜਿਹੜੀ ਸਾਨੂੰ ਸਾਡੇ ਸੁਭਾਵਕ ਜੀਵਨ ਤੋਂ ਆਤਮਕ ਜੀਵਨ ਵਿਚ ਅਤੇ ਫਿਰ ਸਦੀਪਕ ਜੀਵਨ ਵਿਚ ਲੈ ਜਾਂਦੀ ਹੈ। ਅਤੇ ਸਦਾ ਸਦਾਕਾਲ ਵਿਚ ਉਸ ਦੀ ਵਡਿਆਈ ਦਾ ਵਿਸ਼ਾ ਵੀ ਇਹੋ ਕਿਰਪਾ ਹੋਵੇਗੀ।

## 14

# ਹੁਣ ਆਓ ਦੁਹਰਾਈਏ

ਆਓ ਹੁਣ ਅਸੀਂ ਪਰਮੇਸ਼ਰ ਦੀ ਕਿਰਪਾ ਦੇ ਵਡੱਪਣ ਬਾਰੇ ਸਾਡੇ ਮਨਨ ਦੀਆਂ ਪ੍ਰਮੁੱਖ ਗੱਲਾਂ ਨੂੰ ਦੁਹਰਾਈਏ।

ਜਿਹੜਾ ਪ੍ਰਸ਼ਨ ਅਸੀਂ ਸਭ ਤੋਂ ਪਹਿਲਾਂ ਵੇਖਦੇ ਹਾਂ ਉਹ ਇਹ ਹੈ: ਮੁਕਤੀ ਦੀ ਯੋਜਨਾ ਬਣਾਉਂਦਿਆਂ, ਇਹ ਕਿਵੇਂ ਸੰਭਵ ਸੀ ਕਿ ਪਰਮੇਸ਼ਰ ਆਪ ਪਵਿੱਤਰ ਅਤੇ ਧਰਮੀ ਹੁੰਦਿਆਂ ਹੋਇਆਂ ਪਾਪੀਆਂ ਨੂੰ ਮਾਫ਼ ਵੀ ਕਰ ਦੇਵੇ ਅਤੇ ਅਜਿਹਾ ਕਰਦਿਆਂ ਹੋਇਆਂ ਆਪ ਧਰਮੀ ਵੀ ਰਹੇ?

ਇਸ ਦਾ ਉੱਤਰ ਇਕੋ ਸ਼ਬਦ ਵਿਚ ਲੁਕਿਆ ਹੋਇਆ ਹੈ *ਵਟਾਂਦਰਾ।* ਪਰਮੇਸ਼ਰ ਨੇ ਆਪਣੇ ਅਦੁੱਤੀ ਪੁੱਤਰ ਪ੍ਰਭੂ ਯਿਸੂ ਮਸੀਹ ਨੂੰ ਘੱਲਿਆ, ਕਿ ਉਹ ਪਾਪੀਆਂ ਦੇ ਵਟਾਂਦਰੇ ਵੱਜੋਂ ਕਲਵਰੀ ਦੀ ਸਲੀਬ ਉੱਤੇ ਮਰੇ। ਉਸ ਨੇ ਪੂਰਾ ਹਰਜਾਨਾ ਭਰਿਆ ਅਤੇ ਹੁਣ ਉਹ ਆਪਣੇ ਵਿਸ਼ਵਾਸੀਆਂ ਨੂੰ ਸਦੀਪਕ ਜੀਵਨ ਇਕ ਤੋਹਫ਼ੇ ਵੱਜੋਂ ਦਿੰਦਾ ਹੈ।

ਇਹ ਨਿਰੀ ਕਿਰਪਾ ਹੀ ਹੈ — ਉਨ੍ਹਾਂ ਲੋਕਾਂ ਲਈ ਪਰਮੇਸ਼ਰ ਦੀ ਅਜਿਹੀ ਮਿਹਰ ਜਿਹੜੇ ਇਸ ਦੇ ਬਿਲਕੁਲ ਵੀ ਲਾਇਕ ਨਹੀਂ ਹਨ। ਇਸ ਕਿਰਪਾ ਦੀ ਸ਼ਲਾਘਾ ਕਰਨ ਲਈ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਯਿਸੂ ਕੌਣ ਹੈ; ਉਸ ਨੇ ਕੀ ਕੀਤਾ ਹੈ; ਇਹ ਸਭ ਉਸ ਨੇ ਕਿਨ੍ਹਾਂ ਦੇ ਲਈ ਕੀਤਾ ਹੈ; ਅਤੇ ਉਸ ਨੂੰ ਵਿਸ਼ਵਾਸ ਨਾਲ ਕਬੂਲ ਕਰਨ ਵਾਲਿਆਂ ਨੂੰ ਕਿਹੜੀਆਂ ਬਰਕਤਾਂ ਮਿਲਦੀਆਂ ਹਨ।

ਸੰਸਾਰ ਵਿਚ ਕੇਵਲ ਇਕ ਹੋਰ ਧਰਮ ਹੈ। ਇਸ ਨੂੰ ਕੋਈ ਹੋਰ ਖੁਸ਼ਖਬਰੀ ਆਖਿਆ ਜਾਂਦਾ ਹੈ, ਪਰ ਦਰਅਸਲ ਇਹ ਖੁਸ਼ਖਬਰੀ ਬਿਲਕੁਲ ਵੀ ਨਹੀਂ ਹੈ। ਇਹ ਸਿਖਾਉਂਦਾ ਹੈ ਕਿ ਲੋਕ ਆਪਣੀ ਭਲਾਈ ਜਾਂ ਉਪਲਬਧੀਆਂ ਸਦਕਾ ਸਵਰਗ ਜਾ ਸਕਦੇ ਹਨ। ਇਹ ਸਭ ਤੋਂ ਹਰਮਨਪਿਆਰਾ ਧਰਮ ਹੈ ਕਿਉਂਕਿ ਇਹ ਮਨੁੱਖੀ ਹੰਕਾਰ ਨੂੰ ਪਾਲਦਾ ਹੈ। ਇਸ ਦੇ ਸ਼ਾਨਦਾਰ ਦਾਅਵਿਆਂ ਦੇ ਬਾਵਜੂਦ ਇਹ ਨਾ ਤਾਂ ਮੁਕਤੀ ਦੀ ਤੱਸਲੀ ਦਿੰਦਾ ਹੈ, ਨਾ ਮੌਜੂਦਾ ਸੁਰੱਖਿਆ ਅਤੇ ਨਾ ਹੀ ਸਦੀਪਕ ਜੀਵਨ। ਇਸ ਦਾ ਅੰਤ ਨਰਕ ਵਿਚ ਹੁੰਦਾ ਹੈ।

ਜਿਹੜੇ ਲੋਕ ਕਿਰਪਾ ਰਾਹੀਂ ਮੁਕਤੀ ਪ੍ਰਾਪਤ ਕਰਦੇ ਹਨ ਉਹ ਸਾਰਾ ਆਦਰ ਪ੍ਰਭੂ ਯਿਸੂ ਮਸੀਹ ਨੂੰ ਦਿੰਦੇ ਹਨ। ਜਿਹੜੇ ਲੋਕ ਕੰਮਾਂ ਰਾਹੀਂ ਮੁਕਤੀ ਪ੍ਰਾਪਤ ਕਰਨ 'ਤੇ ਵਿਸ਼ਵਾਸ ਕਰਦੇ ਹਨ ਉਹ ਸਾਰੀ ਮਹਿਮਾ, ਜਾਂ ਘੱਟੋ-ਘੱਟ ਕੁਝ ਮਹਿਮਾ ਆਪਣੇ ਆਪ ਨੂੰ ਦਿੰਦੇ ਹਨ। ਇਥੋਂ ਹੀ ਤੁਸੀਂ ਪਤਾ ਲਗਾ ਸਕਦੇ ਹੋ ਕਿ ਕੋਈ ਵਿਅਕਤੀ ਸਵਰਗ ਵਿਚ ਜਾਣ ਦੀ ਆਪਣੀ ਆਸ ਦਾ ਆਧਾਰ ਕਿਸ ਨੂੰ ਬਣਾਈ ਬੈਠਾ ਹੈ।

ਜਦੋਂ ਅਸੀਂ ਆਖਦੇ ਹਾਂ ਮੁਕਤੀ ਚੰਗੇ ਕੰਮਾਂ ਰਾਹੀਂ ਨਹੀਂ ਮਿਲਦੀ, ਤਾਂ ਅਸੀਂ ਇਹ ਨਹੀਂ ਆਖ ਰਹੇ ਕਿ ਅਸੀਂ ਚੰਗੇ ਕੰਮਾਂ ਦੇ ਵਿਰੁੱਧ ਹਾਂ। ਅਸੀਂ ਅਜਿਹਾ ਨਹੀਂ ਕਹਿ ਰਹੇ ਹਾਂ! ਅਸੀਂ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਕੰਮ ਮੁਕਤੀ ਦੀ ਜੜ੍ਹ ਨਹੀਂ ਹਨ, ਸਗੋਂ ਇਸ ਦੇ ਫਲ ਹਨ। ਅਸੀਂ ਚੰਗੇ ਕੰਮਾਂ *ਸਦਕਾ* ਮੁਕਤੀ ਪ੍ਰਾਪਤ ਨਹੀਂ ਕਰਦੇ, ਅਸੀਂ ਚੰਗੇ ਕੰਮ *ਕਰਨ ਲਈ* ਮੁਕਤੀ ਪ੍ਰਾਪਤ ਕਰਦੇ ਹਾਂ। ਇਹ ਮੁਕਤੀ ਦਾ ਨਤੀਜਾ ਹਨ, ਸਬੱਬ ਨਹੀਂ; ਇਸ ਦਾ ਫਲ ਹਨ, ਜੜ੍ਹ ਨਹੀਂ।

ਇਥੇ ਸੁਭਾਵਕ ਤੌਰ 'ਤੇ ਉੱਠਣ ਵਾਲਾ ਸਵਾਲ ਇਹ ਹੈ, "ਜੇਕਰ ਕੋਈ ਵਿਅਕਤੀ ਮੁਕਤੀ ਪ੍ਰਾਪਤ ਕਰਨ ਤੋਂ ਬਾਦ ਪਾਪ ਕਰ ਬੈਠਦਾ ਹੈ ਤਾਂ ਕੀ ਉਹ ਆਪਣੀ ਮੁਕਤੀ ਗੁਆ ਦਿੰਦਾ ਹੈ?" ਪਵਿੱਤਰ ਸ਼ਾਸਤਰ ਦੀ ਸਦਾ ਇਕ ਸਮਾਨ ਰਹਿਣ ਵਾਲੀ ਗਵਾਹੀ ਅਤੇ ਕਿਰਪਾ ਦੇ ਆਪਣੇ ਸੁਭਾਅ ਦੇ ਕਾਰਨ ਇਸ ਸਵਾਲ ਦਾ ਜਵਾਬ ਇਕ ਜ਼ੋਰਦਾਰ ਨਾ ਹੈ। ਪਾਪ ਸੰਗਤੀ ਨੂੰ

ਤੋੜਦਾ ਹੈ ਸਬੰਧ ਨੂੰ ਨਹੀਂ। ਸੰਗਤੀ ਇਕ ਨਾਜ਼ੁਕ ਡੋਰ ਹੈ, ਜਦਕਿ ਸਬੰਧ ਇਕ ਅਟੁੱਟ ਜ਼ੰਜੀਰ ਹੈ। ਜਿਵੇਂ ਹੀ ਵਿਸ਼ਵਾਸੀ ਆਪਣੇ ਪਾਪਾਂ ਨੂੰ ਮੰਨ ਲੈਂਦਾ ਹੈ, ਉਸ ਨੂੰ ਮਾਫ਼ੀ ਮਿਲ ਜਾਂਦੀ ਹੈ, ਅਤੇ ਪ੍ਰਭੂ ਦੇ ਨਾਲ ਉਸ ਦੀ ਸੰਗਤੀ ਬਹਾਲ ਹੋ ਜਾਂਦੀ ਹੈ।

ਮਸੀਹੀ ਹੋਣ ਦਾ ਦਾਅਵਾ ਕਰਨ ਵਾਲੇ ਸਾਰੇ ਲੋਕ ਮੁਕਤੀ ਪ੍ਰਾਪਤ ਕੀਤੇ ਹੋਏ ਲੋਕ ਨਹੀਂ ਹੁੰਦੇ। ਜੇਕਰ ਕਿਸੇ ਵਿਅਕਤੀ ਦੇ ਜੀਵਨ ਵਿਚ ਪਾਪ ਦਾ ਅਧਿਕਾਰ ਬਣਿਆ ਹੋਇਆ ਹੈ, ਜੇਕਰ ਉਹ ਪਾਪ ਵਿਚ ਜੀਵਨ ਬਤੀਤ ਕਰ ਰਿਹਾ ਹੈ, ਤਾਂ ਉਸ ਵਿਅਕਤੀ ਦੇ ਮਨ ਪਰਿਵਰਤਨ ਉੱਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਉਹ ਦਾਅਵਾ ਜਿੰਨਾ ਮਰਜ਼ੀ ਕਰੀ ਜਾਵੇ, ਪਰ ਉਸ ਦੇ ਪੱਲੇ ਕੁਝ ਵੀ ਨਹੀਂ ਹੈ। ਜਦੋਂ ਮਸੀਹ ਕਿਸੇ ਵਿਅਕਤੀ ਦੇ ਜੀਵਨ ਵਿਚ ਆ ਜਾਂਦਾ ਹੈ ਤਾਂ ਉਸ ਨੂੰ ਪੂਰੀ ਤਰ੍ਹਾਂ ਬਦਲ ਦਿੰਦਾ ਹੈ।

ਜਿਹੜੇ ਲੋਕ ਇਹ ਮੁੱਦਾ ਚੁੱਕਦੇ ਹਨ ਕਿ ਕਿਰਪਾ ਦੀ ਖ਼ੁਸ਼ਖਬਰੀ ਬਹੁਤ ਸਸਤੀ ਹੈ, ਉਨ੍ਹਾਂ ਨੂੰ ਕੇਵਲ ਇੰਨਾ ਚੇਤੇ ਕਰਾਉਣਾ ਹੀ ਕਾਫ਼ੀ ਹੋਵੇਗਾ ਕਿ ਤੋਹਫ਼ੇ ਦੀ ਕੀਮਤ ਪ੍ਰਾਪਤ ਕਰਨ ਵਾਲੇ ਨੂੰ ਅਦਾ ਨਹੀਂ ਕਰਨੀ ਪੈਂਦੀ ਪਰ ਉਸ ਨੂੰ ਕਰਨੀ ਪੈਂਦੀ ਹੈ ਜਿਹੜਾ ਤੋਹਫ਼ਾ ਦਿੰਦਾ ਹੈ। ਇਹ ਤਾਂ ਸੁਭਾਵਕ ਹੀ ਹੈ ਕਿ ਤੋਹਫ਼ੇ ਦੀ ਕੀਮਤ ਉਸ ਨੂੰ ਚੁਕਾਉਣੀ ਪੈਂਦੀ ਹੈ ਜਿਹੜਾ ਇਸ ਨੂੰ ਦਿੰਦਾ ਹੈ, ਉਸ ਨੂੰ ਨਹੀਂ ਜਿਹੜਾ ਇਸ ਨੂੰ ਪ੍ਰਾਪਤ ਕਰਦਾ ਹੈ। ਪਰਮੇਸ਼ਰ ਨੇ, ਜਿਹੜਾ ਇਸ ਤੋਹਫ਼ੇ ਦਾ ਦਾਨੀ ਹੈ, ਸਾਨੂੰ ਸਦੀਪਕ ਜੀਵਨ ਦੇਣ ਲਈ ਬਹੁਤ ਵੱਡੀ ਕੀਮਤ ਅਦਾ ਕੀਤੀ ਹੈ।

ਸਭਨਾਂ ਚੰਗੀਆਂ ਗੱਲਾਂ ਦੀ ਤਰ੍ਹਾਂ ਕਿਰਪਾ ਦੀ ਵੀ ਦੁਰਵਰਤੋਂ ਕੀਤੀ ਜਾ ਸਕਦੀ ਹੈ। ਲੋਕ ਇਸ ਦਾ ਆਸਰਾ ਲੈ ਕੇ ਆਪਣੀ ਇੱਛਾ ਪੂਰਤੀ ਅਤੇ ਬੁਰਾਈਆਂ ਕਰੀ ਜਾਂਦੇ ਹਨ। ਪਰ ਅਜਿਹਿਆਂ ਸਾਰਿਆਂ ਮਾਮਲਿਆਂ ਵਿਚ ਗਲਤੀ ਲੋਕਾਂ ਦੀ ਹੈ, ਕਿਰਪਾ ਦੇ ਸਿਧਾਂਤ ਦੀ ਨਹੀਂ।

ਪਵਿੱਤਰ ਜੀਵਨ ਬਤੀਤ ਕਰਨ ਦਾ ਸਭ ਤੋਂ ਮਜਬੂਤ ਪ੍ਰੇਰਨਾ ਕਿਰਪਾ ਹੈ, ਸ਼ਰਾ ਨਹੀਂ। ਸ਼ਰਾ ਮੰਗ ਕਰਦੀ ਹੈ ਕਿ ਕੰਮ ਕਰੋ ਅਤੇ ਹੁਕਮ-ਅਦੂਲੀ ਕਰਨ 'ਤੇ ਸਜ਼ਾ ਭੁਗਤਣ ਲਈ ਤਿਆਰ ਰਹੋ। ਕਿਰਪਾ ਆਖਦੀ ਹੈ ਕਿ

ਮਸੀਹ ਨੇ ਕੰਮ ਪੂਰਾ ਕਰ ਦਿੱਤਾ ਹੈ ਅਤੇ ਬੇਨਤੀ ਕਰਦੀ ਹੈ ਹੁਣ ਇਸ ਦੇ ਅਨੁਸਾਰ ਪਵਿੱਤਰ ਜੀਵਨ ਬਤੀਤ ਕਰੋ। ਕਿਰਪਾਵਾਨ ਪਰਮੇਸ਼ਰ ਵਿਸ਼ਵਾਸੀਆਂ ਨੂੰ ਆਪਣੇ ਸਾਹਮਣੇ ਇਕ ਸਿੱਧ ਮਿਹਰ ਦੀ ਅਵਸਥਾ ਵਿਚ ਲੈ ਆਉਂਦਾ ਹੈ, ਅਤੇ ਫਿਰ ਉਨ੍ਹਾਂ ਨੂੰ ਸੱਦਾ ਦਿੰਦਾ ਹੈ ਕਿ ਉਸ ਅਵਸਥਾ ਦੇ ਅਨੁਸਾਰ ਜੀਵਨ ਬਤੀਤ ਕਰਨ। ਨਵੇਂ ਨੇਮ ਵਿਚ ਦਿੱਤੀਆਂ ਗਈ ਕਈ ਵਿਹਾਰਕ ਹਿਦਾਇਤਾਂ ਸਮਝਾਉਂਦੀਆਂ ਹਨ ਕਿ ਢੁਕਵਾਂ ਜੀਵਨ ਕੀ ਹੁੰਦਾ ਹੈ।

ਪਰਮੇਸ਼ਰ ਦੀ ਸੰਤਾਨ ਦਾ ਜੀਵਨ ਸ਼ੁਰੂ ਤੋਂ ਲੈ ਕੇ ਅੰਤ ਤਕ ਪਰਮੇਸ਼ਰ ਦੀ ਕਿਰਪਾ ਦੀ ਨੁਮਾਇਸ਼ ਕਰਦਾ ਹੈ। ਇਹ ਇਕ ਅਜਿਹੇ ਪਰਮੇਸ਼ਰ ਦਾ ਪਰਕਾਸ਼ਨ ਹੈ ਜਿਹੜਾ ਕਿਸੇ ਵੀ ਮਨੁੱਖ ਦਾ ਕਰਜ਼ਦਾਰ ਨਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਅਜਿਹੀਆਂ ਬਰਕਤਾਂ ਦਿੰਦਾ ਹੈ ਜਿਹੜੀਆਂ ਸਾਡੀਆਂ ਕਲਪਨਾ ਤੋਂ ਵੀ ਪਰੇ ਹਨ। ਇਹ ਇਕ ਅਜਿਹੀ ਗਾਥਾ ਹੈ ਜਿਹੜੀ ਦੱਸਦੀ ਹੈ ਕਿ ਪ੍ਰਭੂ ਉਨ੍ਹਾਂ ਨੂੰ ਲੋਕਾਂ ਨੂੰ ਆਪਣਾ ਸਰਬਉੱਤਮ ਦਿੰਦਾ ਹੈ ਜਿਹੜੇ ਦਰਅਸਲ ਕੇਵਲ ਉਸ ਦੀ ਸਜ਼ਾ ਦੇ ਹੀ ਲਾਇਕ ਹਨ।

ਪਰਮੇਸ਼ਰ ਅਜੇ ਵੀ ਅਜਿਹੇ ਲੋਕਾਂ ਨੂੰ ਭਾਲ ਰਿਹਾ ਹੈ ਜਿਨ੍ਹਾਂ ਨੂੰ ਉਹ ਆਪਣੀ ਅਦਭੁਤ ਕਿਰਪਾ ਦਰਸ਼ਾ ਸਕੇ। ਸਦੀਆਂ ਤੋਂ ਚੱਲੇ ਆ ਰਹੇ ਮਨੁੱਖੀ ਰੁੱਖੇਪਣ, ਵਿਰੋਧ ਅਤੇ ਬੇਦਿਲੀ ਦੇ ਬਾਵਜੂਦ ਵੀ ਪਰਮੇਸ਼ਰ ਪਿਛਾਂਹ ਨਹੀਂ ਹਟਿਆ ਸਗੋਂ ਲਗਾਤਾਰ ਖੁਸ਼ਖਬਰੀ ਭੇਜਦਾ ਰਿਹਾ ਅਤੇ ਗੁਆਚੀਆਂ ਹੋਈਆਂ ਭੇਡਾਂ ਨੂੰ ਭਾਲਦਾ ਰਿਹਾ। ਉਹ ਅਜਿਹੇ ਲੋਕਾਂ ਨੂੰ ਭਾਲ ਰਿਹਾ ਹੈ ਜਿਹੜੇ ਇਹ ਮੰਨਣ ਲਈ ਤਿਆਰ ਹੋਣ ਕਿ ਉਹ ਕਸੂਰਵਾਰ ਹਨ, ਅਤੇ ਜਿਹੜੇ ਲੋਕ ਆਪਣੀ ਮੁਕਤੀ ਲਈ ਜਤਨ ਕਰਨਾ ਛੱਡ ਦੇਣ, ਅਤੇ ਜਿਹੜੇ ਯਿਸੂ 'ਤੇ ਵਿਸ਼ਵਾਸ ਕਰਕੇ ਉਸ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਮੰਨ ਲੈਣ। ਬਸ ਇੰਨੀ ਕੁ ਹੀ ਗੱਲ ਹੈ!

ਹਾਂ, ਆਹ ਵੀ ਚੇਤੇ ਰੱਖਿਓ! ਜਦੋਂ ਵੀ ਪਰਮੇਸ਼ਰ ਨੂੰ ਜਿਸ ਵਿਅਕਤੀ ਵਿਚ ਪ੍ਰਭੂ ਯਿਸੂ ਪ੍ਰਤੀ *ਸੱਚੇ ਵਿਸ਼ਵਾਸ* ਦੀ ਇਕ ਚੰਗਿਆੜੀ ਤਕ ਵੀ ਦਿਖਾਈ ਦਿੰਦੀ ਹੈ, ਤਾਂ ਉਹ ਉਸ ਵਿਅਕਤੀ ਨੂੰ ਧਰਮੀ ਕਰਾਰ ਦੇ ਦਿੰਦਾ ਹੈ। ਜਿਵੇਂ ਐਚ.ਏ. ਆਯਰਨਸਾਈਡ ਨੇ ਆਖਿਆ, "ਪਰਮੇਸ਼ਰ ਦੇ ਮਨ

ਵਿਚ ਆਪਣੇ ਪੁੱਤਰ ਦੀ ਸ਼ਖ਼ਸੀਅਤ ਅਤੇ ਕੰਮ ਇੰਨੇ ਜ਼ਿਆਦਾ ਹਾਵੀ ਰਹਿੰਦੇ ਹਨ ਕਿ ਉਹ ਉਸ ਹਰੇਕ ਵਿਅਕਤੀ ਨੂੰ ਸਵਰਗ ਵਿਚ ਲੈ ਜਾਵੇਗਾ ਜਿਹੜਾ ਉਸ ਨੂੰ ਅਜਿਹਾ ਕਰਨ ਦਾ ਛੋਟੇ ਤੋਂ ਛੋਟਾ ਸੰਭਵ ਕਾਰਨ ਤਕ ਦੇ ਦਿੰਦਾ ਹੈ। ਕਿੰਨੀ ਅਤੁੱਲ ਕਿਰਪਾ ਹੈ।"[135]

ਸਾਡੇ ਜੀਵਨ ਦਾ ਆਖਰੀ ਅਧਿਆਏ ਅਜੇ ਲਿਖਿਆ ਹੀ ਨਹੀਂ ਗਿਆ ਹੈ। ਪਰਮੇਸ਼ਰ ਉਸ ਦਿਆਲਗੀ ਨਾਲ ਜੋ ਮਸੀਹ ਯਿਸੂ ਵਿਚ ਸਾਡੇ ਉੱਤੇ ਹੈ ਆਉਣ ਵਾਲਿਆਂ ਜੁੱਗਾਂ ਵਿਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇਗਾ।[136] ਉਸ ਦੀ ਮੁਕਤੀ ਦੀ ਇਸ ਅਦਭੁਤ ਯੋਜਨਾ ਦਾ ਖੁਲਾਸਾ ਸਦੀਪਕਤਾ ਵਿਚ ਹੁੰਦਾ ਰਹੇਗਾ ਕਿ ਉਸ ਦੇ ਲਈ ਇਸ ਗੱਲ ਦੇ ਦਰਅਸਲ ਕੀ ਮਾਅਨੇ ਸਨ ਕਿ ਉਹ ਪਾਪ ਦੇ ਇਸ ਜੰਗਲ ਵਿਚ ਆਪਣੇ ਪੁੱਤਰ ਨੂੰ ਇਸ ਲਈ ਭੇਜੇ ਭਈ ਇਸ ਵਿਚ ਗੁਆਚਿਆਂ ਹੋਇਆ ਨੂੰ ਭਾਲੇ ਅਤੇ ਬਚਾਵੇ। ਨਾਲੇ ਉਨ੍ਹਾਂ ਬਰਕਤਾਂ ਦੀ ਯੋਜਨਾ ਦਾ ਖੁਲਾਸਾ ਵੀ ਕਰੇਗਾ ਜਿਹੜੀਆਂ ਕਲਵਰੀ ਦੀ ਸਲੀਬ ਉੱਤੇ ਪੂਰੇ ਹੋਏ ਕੰਮ ਸਦਕਾ ਸਾਡੇ ਕੋਲ ਪੁੱਜੀਆਂ ਹਨ!

ਜਿਵੇਂ ਬਾਈਬਲ ਕਿਰਪਾ ਦੇ ਅਸੀਸ ਵਚਨ ਨਾਲ ਸਮਾਪਤ ਹੁੰਦੀ, ਅਸੀਂ ਵੀ ਉਵੇਂ ਹੀ ਕਰਾਂਗੇ: "ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਸਭਨਾਂ ਉੱਤੇ ਹੁੰਦੀ ਰਹੇ। ਆਮੀਨ!"

## ਮੇਰੀ ਪਨਾਹ

ਉਸ ਸਰਬਸੱਤਾਧਾਰੀ ਪ੍ਰੇਮ ਦੀ ਜੈ ਹੋਵੇ,
ਜਿਸ ਨੇ ਪਤਿਤ ਮਨੁੱਖਾਂ ਨੂੰ ਬਚਾਉਣ ਦੀ ਯੋਜਨਾ ਅਰੰਭੀ!
ਉਸ ਅਤੁੱਲ, ਮੁਫ਼ਤ, ਸਦੀਪਕ ਕਿਰਪਾ ਦੀ ਜੈ ਹੋਵੇ
ਜਿਸ ਨੇ ਮੇਰੀ ਜਾਨ ਨੂੰ ਇਕ ਪਨਾਹ ਬਖਸ਼ੀ।

ਜਿਸ ਪਰਮੇਸ਼ਰ ਨੇ ਅਕਾਸ਼ ਨੂੰ ਰਚਿਆ
ਉਸ ਵਿਰੁੱਧ ਲੜਨ ਲਈ ਮੈਂ ਹੱਥ ਚੁੱਕਿਆ —
ਉਸ ਦੀ ਕਿਰਪਾ ਆਉਣ ਦੇ ਬਾਵਜੂਦ ਵੀ
ਆਪਣੇ ਹੰਕਾਰ ਵਿਚ ਮੈਂ ਆਪਣੀ ਪਨਾਹ ਨੂੰ ਨਾ ਲੱਭਿਆ।

ਮਿਸਰ ਦੀ ਸ਼ਾਹ ਕਾਲੀ ਰਾਤ ਦੇ ਹਨੇਰੇ ਵਿਚ ਲਿਪਟਿਆ ਹੋਇਆ,
ਚਾਨਣ ਨਾਲੋਂ ਹਨੇਰੇ ਨੂੰ ਜ਼ਿਆਦਾ ਚਾਹੁੰਦਾ ਸਾਂ,
ਪਾਗਲਾਂ ਵਾਂਗ ਮੈਂ ਪਾਪ ਦੀ ਦੌੜ ਵਿਚ ਦੌੜਦਾ ਸਾਂ,
ਆਪਣੇ ਆਪ ਨੂੰ ਪਨਾਹ ਬਗੈਰ ਹੀ ਸੁਰੱਖਿਅਤ ਮੰਨਦਾ ਸਾਂ।

ਪਰ ਫਿਰ ਸਦੀਪਕ ਨਸੀਹਤ ਆਈ:
ਸਰਬਸ਼ਕਤੀਮਾਨ ਦੇ ਪ੍ਰੇਮ ਨੇ ਮਨੁੱਖ ਨੂੰ ਜਕੜ ਲਿਆ!
ਮੈਂ ਤੀਰਾਂ ਜਿਹੀ ਵੇਦਨਾ ਨੂੰ ਮਹਿਸੂਸ ਕੀਤਾ,
ਅਤੇ ਮੈਨੂੰ ਪਤਾ ਲੱਗ ਗਿਆ ਕਿ ਮੇਰੇ ਕੋਲ ਕੋਈ ਪਨਾਹ ਹੈ ਹੀ ਨਹੀਂ।

ਕੋਪਵਾਨ ਨਿਆਂ ਮੇਰੇ ਸਾਹਮਣੇ ਆ ਖਲੋਤਾ:
ਮੈਂ ਸੀਨੈ ਪਰਬਤ ਦੀ ਤਪਦੀ ਚੋਟੀ ਵੱਲ ਭੱਜਿਆ;
ਪਰ ਨਿਆਂ ਨੇ ਮੱਥੇ ਵੱਟ ਪਾ ਕੇ ਕਿਹਾ,
ਇਹ ਪਹਾੜ ਤੇਰੀ ਪਨਾਹ ਨਹੀਂ ਹੈ!

ਤੁਰੰਤ ਮੈਂ ਇਕ ਸਵਰਗੀ ਬਾਣੀ ਸੁਣੀ,
ਅਤੇ ਦਯਾ ਦਾ ਫ਼ਰਿਸ਼ਤਾ ਮੇਰੇ ਸਾਹਮਣੇ ਆ ਖਲੋਤਾ:
ਲਿਸ਼ਕਦੇ ਚਿਹਰੇ ਨਾਲ ਉਹ ਮੈਨੂੰ ਲੈ ਤੁਰਿਆ,
ਕਿ ਯਿਸੂ ਨੂੰ ਮੇਰੀ ਪਨਾਹ ਬਣਾਵੇ।

ਉਹੀ ਯਿਸੂ ਜਿਸ ਉੱਤੇ ਰੱਬੀ ਕੋਪ ਵਰ੍ਹਿਆ ਸੀ,
ਉਹ ਕੋਪ ਜਿਹੜਾ ਸਾਰੇ ਸੰਸਾਰ ਨੂੰ ਨਰਕ ਵਿਚ ਧੱਕ ਦਿੰਦਾ!
ਇਹ ਸਭ ਉਸ ਨੇ ਪਾਪੀ ਮਨੁੱਖਾਂ ਲਈ ਸਹਿ ਲਿਆ,
ਇਸ ਤਰ੍ਹਾਂ ਉਹ ਸਾਡੀ ਪਨਾਹ ਬਣ ਗਿਆ।

ਹੁਣ ਭਾਵੇਂ ਸੱਤਗੁਣਾਂ ਬਿਜਲੀਆਂ ਲਿਸ਼ਕਣ
ਅਤੇ ਧਰਤੀ ਨੂੰ ਜੜ੍ਹੋਂ ਹਿਲਾ ਸੁੱਟਨ,
ਪਰ ਕੋਈ ਵਜਰ ਮੇਰੇ ਨੇੜੇ ਨਾ ਆਵੇਗਾ,
ਕਿਉਂਕਿ ਹੁਣ *ਯਿਸੂ* ਮੇਰੀ ਪਨਾਹ ਹੈ।

ਹੁਣ ਬਸ ਕੁਝ ਹੀ ਦਿਨ ਬਾਕੀ ਰਹਿ ਗਏ ਹਨ
ਫਿਰ ਮੈਂ ਕਨਾਨ ਦੇ ਸੁੰਦਰ ਕੰਢੇ 'ਤੇ ਪੁੱਜਾਂਗਾ,
ਜਿਥੇ ਮੈਂ ਕਿਰਪਾ ਦੀ ਵਡਿਆਈ ਗਾਵਾਂਗਾ,
ਅਤੇ ਆਪਣੀ ਜਲਾਲੀ ਪਨਾਹ ਨੂੰ ਨਿਹਾਰਾਂਗਾ।

ਇਹ ਗੀਤ ਮੇਜਰ ਜੌਨ ਐਂਡ੍ਰੇ ਦੇ ਹੱਥ ਵਿਚ ਉਸ ਵੇਲੇ ਸੀ ਜਦੋਂ ਉਨ੍ਹਾਂ ਨੂੰ 23 ਸਤੰਬਰ 1780 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਗੀਤ ਉਨ੍ਹਾਂ ਨੇ ਹੀ ਲਿਖਿਆ ਸੀ ਜਾਂ ਕਿਸੇ ਹੋਰ ਨੇ।

# ਸੰਦਰਭ-ਸੂਚੀ


ਅਧਿਆਏ 2

1. 1 ਤਿਮੋਥਿਉਸ 2:5
2. ਯੂਹੰਨਾ 1:1
3. 2 ਕੁਰਿੰਥੀਆਂ 5:21; 1 ਪਤਰਸ 2:22; 1 ਯੂਹੰਨਾ 3:5
4. 1 ਯੂਹੰਨਾ 1:7
5. ਜ਼ਬੂਰ 40:8; ਇਬਰਾਨੀਆਂ 12:2
6. ਯਸਾਯਾਹ 53:4-6
7. ਯੂਹੰਨਾ 1:29
8. ਗਲਾਤੀਆਂ 2:20
9. 1 ਪਤਰਸ 2:24
10. 1 ਯੂਹੰਨਾ 2:2
11. ਯੂਹੰਨਾ 3:16
12. 1 ਯੂਹੰਨਾ 2:2
13. ਰੋਮੀਆਂ 3:23
14. ਮੱਤੀ 11:28
15. ਪਰਕਾਸ਼ 22:17
16. ਚਕ ਸਮਿਥ, ਹਿਜ਼ ਵਰਕਮੈਨਸ਼ਿਪ, ਸਰਵੈਂਟ ਆਫ਼ ਦ ਕਿੰਗ, ਬ੍ਰੋਮਲੇ, ਕੈਂਟ ਇੰਗਲੈਂਡ: ਐਸ ਟੀ ਐਲ ਬੁਕਸ, 1989, ਪੰਨਾ 139-40.
17. ਯੂਹੰਨਾ 3:36
18. ਜ਼ਬੂਰ 85:10.
19. ਦੀ ਅਪਲੌਜ਼ ਆਫ਼ ਹੈਵਨ, ਡਾਲਸ: ਵਰਡ ਪਬਲਿਸ਼ਿੰਗ, 1990, ਪੰਨਾ 175-76
20. ਜੌਨ ਐਫ਼. ਮੈਕਆਰਥਰ ਜੂਨੀਅਰ, ਫ਼ੇਥ ਵਰਕਸ, ਡਾਲਸ, ਵਰਡ ਪਬਲਿਸ਼ਿੰਗ, 1993, ਪੰਨਾ 99.
21. ਬੈਪਟਿਸਟ ਬਿਬਲਿਕਲ ਹੈਰੀਟੇਜ ਵਿਚ ਹਵਾਲਾ ਦਿੱਤਾ ਗਿਆ, ਅਪ੍ਰੈਲ 1994, ਪੰਨਾ 1

## ਅਧਿਆਏ 3

22. ਇਬਰਾਨੀਆਂ 4:10.
23. ਯੂਹੰਨਾ 1:12; 3:15-16; 3:36; 5:24; 6:40,47; 7:37-38; 11:25-26; 20:31; ਰਸੂਲ 16:31; ਰੋਮੀਆਂ 10:9; ਗਲਾਤੀਆਂ 3:22-26; ਅਫ਼ਸੀਆਂ 2:8; 1 ਯੂਹੰਨਾ 5:10-13

## ਅਧਿਆਏ 4

24. ਅਫ਼ਸੀਆਂ 2:8-9
25. ਜ਼ਬੂਰ 40:1-3
26. ਸਰਪ੍ਰਾਈਸਡ ਬਾਯ ਜੌਏ (ਨਿਊ ਯੋਰਕ: ਹਾਰਕੋਰਟ ਬ੍ਰੇਸ ਜੋਵਾਨੋਵਿਚ, ਪਬਲਿਸ਼ਰਸ, 1984), ਪੰਨਾ 229
27. ਮੱਤੀ 20:16
28. 1 ਥੱਸਲੁਨੀਕੀਆਂ 4:1. "ਮੈਂ...ਬੇਨਤੀ ਕਰਦਾ ਹਾਂ" (ਰੋਮੀਆਂ 12:1) ਅਤੇ "ਨਾ ਕਰੇ" (ਰੋਮੀਆਂ 6:12) ਵਰਗੇ ਲਫ਼ਜ਼ਾਂ ਉੱਤੇ ਵੀ ਗੌਰ ਕਰੋ

## ਅਧਿਆਏ 5

29. ਯਸਾਯਾਹ 40:12
30. ਬੈਪਟਿਸਟ ਬਿਬਲਿਕਲ ਹੈਰੀਟੇਜ ਵਿਚ ਹਵਾਲਾ ਦਿੱਤਾ ਗਿਆ, ਅਪ੍ਰੈਲ 1994, ਪੰਨਾ 1
31. ਯਿਰਮਿਯਾਹ 17:9
32. ਰੋਮੀਆਂ 3:23
33. ਅਫ਼ਸੀਆਂ 2:2-3,12
34. ਆਵਰ ਡੇਲੀ ਬ੍ਰੈੱਡ, ਅਪ੍ਰੈਲ 20, 1994.
35. ਦ ਪਾਵਰ ਆਫ਼ ਸਟੋਰੀ, ਲਾਇਟਨ ਫ਼ੋਰਡ, ਕੋਲੋਰਾਡੋ ਸਪਰਿੰਗਸ ਵਿਚ ਹਵਾਲਾ ਦਿੱਤਾ ਗਿਆ: ਨੈਵਪ੍ਰੈੱਸ, 1994, ਪੰਨਾ 112.
36. ਦ ਆਰਟ ਆਫ਼ ਗੌਸਪਲ, ਵੀਟਨ, Ill.: ਕ੍ਰੌਸਵੇ, 1991, 165-66.
37. ਰੋਮੀਆਂ 6:23
38. ਯੂਹੰਨਾ 10:10
39. ਕੁਲੁੱਸੀਆਂ 1:27
40. ਅਫ਼ਸੀਆਂ 1:7
41. ਕੁਲੁੱਸੀਆਂ 2:14

42. 1 ਪਤਰਸ 1:18
43. ਅਫ਼ਸੀਆਂ 2:5
44. ਅਫ਼ਸੀਆਂ 1:6
45. ਕੁਲੁੱਸੀਆਂ 2:10
46. ਯੂਹੰਨਾ 17:23
47. ਰੋਮੀਆਂ 5:1
48. ਇਬਰਾਨੀਆਂ 10:10
49. ਇਬਰਾਨੀਆਂ 4:14-16; ਰੋਮੀਆਂ 8:34; 1 ਯੂਹੰਨਾ 2:1; ਯੂਹੰਨਾ 14:16
50. ਯੂਹੰਨਾ 14:16-17
51. 1 ਕੁਰਿੰਥੀਆਂ 12:13
52. ਅਫ਼ਸੀਆਂ 1:13
53. ਅਫ਼ਸੀਆਂ 1:14
54. 1 ਯੂਹੰਨਾ 2:27
55. ਅਫ਼ਸੀਆਂ 2:18
56. ਇਬਰਾਨੀਆਂ 10:19
57. ਫ਼ਿਲਿੱਪੀਆਂ 3:20
58. ਯੂਹੰਨਾ 1:12
59. ਗਲਾਤੀਆਂ 4:6
60. ਰੋਮੀਆਂ 8:17
61. 1 ਪਤਰਸ 2:5,9
62. ਰੋਮੀਆਂ 8:37
63. 1 ਯੂਹੰਨਾ 3:2
64. ਅਫ਼ਸੀਆਂ 1:3
65. ਸੀ. ਐਚ. ਸਪਰਜਨ, ਸਰਮੰਜ਼ ਔਨ ਦ ਬੁੱਕ ਆਫ਼ ਡੈਨੀਅਲ, ਗ੍ਰੈਂਡ ਰੈਪਿਡਸ: ਜ਼ੋਂਡੇਰਵਨ ਪਬਲਿਸ਼ਿੰਗ ਹਾਉਸ, 1966, ਪੰਨਾ 54
66. ਪਰਸੁਏਸ਼ਨ, ਲੰਡਨ: ਮੈਕਡੋਨਲਡ ਐਂਡ ਜੇਨਜ਼, 1974, ਪੰਨਾ 273.
67. ਰੋਮੀਆਂ 5:20

## ਅਧਿਆਏ 6

68. ਕਹਾਉਤਾਂ 14:12
69. ਰੋਮੀਆਂ 11:6
70. ਲੂਕਾ 18:18
71. ਰੋਮੀਆਂ 3:20,28; 4:5; ਗਲਾਤੀਆਂ 2:16; 3:10-11; ਅਫ਼ਸੀਆਂ 2:9; 2 ਤਿਮੋਥਿਉਸ 1:9; ਤੀਤੁਸ 3:5
72. ਰੋਮੀਆਂ 3:20,28, 4:1-12; ਗਲਾਤੀਆਂ 2:16-17; 3:10-14; ਅਫ਼ਸੀਆਂ 2:8-9; 2 ਤਿਮੋਥਿਉਸ 1:9; ਤੀਤੁਸ 3:5
73. ਰੋਮੀਆਂ 4:16
74. ਗਲਾਤੀਆਂ 4:28-31

## ਅਧਿਆਏ 7

75. ਰੂਥ 2:10
76. 2 ਸਮੂਏਲ 7:18
77. 2 ਸਮੂਏਲ 9:8
78. ਅਫ਼ਸੀਆਂ 3:8-9
79. ਫ਼੍ਰੋਮ ਵਿਕਟੋਰੀਅਸ ਕ੍ਰਿਸਟੀਅਨਸ ਯੂ ਸ਼ੁਡ ਨੋ, ਵਾਰਨ ਡਬਲਿਯੂ ਵਿਅਰਸਬੀ (ਗ੍ਰੈਂਡ ਰੈਪਿਡਸ: ਬੇਕਰ ਬੁੱਕ ਹਾਉਸ, 1984), ਪੰਨਾ 63-64
80. ਆਰਮਿਨਿਅਨ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਮੁਕਤੀ ਵਿਚ ਮਨੁੱਖ ਦੀ ਆਪਣੀ ਇੱਛਾ ਮਾਅਨੇ ਰੱਖਦੀ ਹੈ, ਜਦਕਿ ਕੈਲਵਨਿਸਟ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਪਰਮੇਸ਼ਰ ਸਰਬਸੱਤਾਧਾਰੀ ਹੈ ਅਤੇ ਉਹ ਮੁਕਤੀ ਲਈ ਲੋਕਾਂ ਨੂੰ ਆਪ ਚੁਣਦਾ ਹੈ। ਇਹ ਗੱਲਬਾਤ ਦਰਸ਼ਾਉਂਦੀ ਹੈ ਕਿ ਜ਼ਰੂਰੀ ਨਹੀਂ ਹੈ ਕਿ ਇਹ ਦੋਵੇਂ ਨਜ਼ਰੀਏ ਇਕੋ ਸਮੇਂ ਵਿਚ ਵਾਜਬ ਹੋਣ।

## ਅਧਿਆਏ ∧

81. ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ, ਵੋਲ. 2, ਵੀਟਨ, ਇਲਿਨੋਇਸ: ਵਿਕਟਰ ਬੁੱਕਸ. 1989, ਪੰਨਾ 84.
82. ਯਹੂਦਾਹ 24

## ਅਧਿਆਏ 9

83. ਯੂਹੰਨਾ 6:29
84. ਯਸਾਯਾਹ 64:6
85. ਯੂਹੰਨਾ 12:26; 1 ਕੁਰਿੰਥੀਆਂ 3:8; ਅਫ਼ਸੀਆਂ 2:10; 6:8; ਤੀਤੁਸ 3:8; ਇਬਰਾਨੀਆਂ 6:10; ਪਰਕਾਸ਼ 22:12

## ਅਧਿਆਏ 10

86. ਯੂਹੰਨਾ 10:27-28
87. ਰੋਮੀਆਂ 11:29
88. 1 ਪਤਰਸ 1:5; ਯਹੂਦਾਹ 1, 24
89. ਰੋਮੀਆਂ 6:23
90. ਯੂਹੰਨਾ 1:12
91. ਰੋਮੀਆਂ 8:30
92. ਯੂਹੰਨਾ 14:16
93. 2 ਕੁਰਿੰਥੀਆਂ 1:22; 5:5; ਅਫ਼ਸੀਆਂ 1:14
94. 2 ਕੁਰਿੰਥੀਆਂ 1:22; ਅਫ਼ਸੀਆਂ 1:13; 4:30
95. ਰੋਮੀਆਂ 5:10
96. ਯੂਹੰਨਾ 5:24
97. 1 ਕੁਰਿੰਥੀਆਂ 15:3
98. ਯੂਹੰਨਾ 19:30
99. ਰੋਮੀਆਂ 8:38-39
100. 1 ਯੂਹੰਨਾ 1:6
101. 1 ਯੂਹੰਨਾ 2:1
102. 1 ਯੂਹੰਨਾ 1:7
103. ਜ਼ਬੂਰ 51:12
104. ਜ਼ਬੂਰ 32:4
105. ਉਤਪਤ 19:14
106. 2 ਸਮੂਏਲ 12:14
107. 2 ਤਿਮੋਥਿਉਸ 2:19
108. ਜ਼ਬੂਰ 66:18
109. 1 ਕੁਰਿੰਥੀਆਂ 3:15
110. 1 ਕੁਰਿੰਥੀਆਂ 11:30

111. 1 ਕੁਰਿੰਥੀਆਂ 9:27
112. 1 ਕੁਰਿੰਥੀਆਂ 11:30
113. 1 ਕੁਰਿੰਥੀਆਂ 3:15
114. ਕਹਾਉਤਾਂ 28:13

## ਅਧਿਆਏ 11

115. ਰੋਮੀਆਂ 6:14
116. 1 ਕੁਰਿੰਥੀਆਂ 9:21
117. ਯੂਹੰਨਾ 8:36
118. ਗਲਾਤੀਆਂ 5:13
119. ਜੌਨ ਐਫ਼. ਮੈਕਆਰਥਰ ਜੂਨੀਅਰ, ਫ਼ੇਥ ਵਰਕਸ, ਡਾਲਸ: ਵਰਡ ਪਬਲਿਸ਼ਿੰਗ, 1993, ਪੰਨਾ 120.
120. ਯਹੂਦਾਹ 4

## ਅਧਿਆਏ 12

121. ਗਲਾਤੀਆਂ 3:3
122. ਜੇ. ਐਫ਼. ਸਟ੍ਰੋਮਬੈੱਕ, ਡਿਸਿਪਲਿੰਡ ਬਾਯ ਗ੍ਰੇਸ, ਗ੍ਰੇਸ ਐਂਡ ਟ੍ਰੁੱਥ, ਮੋਲਾਇਨ, Ill.:1946, ਪੰਨਾ 102
123. ਰੋਮੀਆਂ 6:1
124. ਰੋਮੀਆਂ 6:2
125. ਅਫ਼ਸੀਆਂ 4:25-32
126. ਤੀਤੁਸ 2:12
127. ਜੇ. ਐਫ਼. ਸਟ੍ਰੋਮਬੈੱਕ, ਡਿਸਿਪਲਿੰਡ ਬਾਯ ਗ੍ਰੇਸ, ਪੰਨਾ 20

## ਅਧਿਆਏ 13

128. ਜ਼ਬੂਰ 81:16.
129. ਯਸਾਯਾਹ 54:17.
130. ਲੂਕਾ 23:34.
131. ਜ਼ਬੂਰ 139:17-18.
132. ਜ਼ਬੂਰ 36:5.
133. ਜ਼ਬੂਰ 103:10.
134. ਵਿਰਲਾਪ 3:22-23.

## ਅਧਿਆਏ 14

135. ਐਚ.ਏ. ਆਯਰਨਸਾਈਡ, ਦ ਲਿਵਿਟਿਕਲ ਆਫ਼ਰਿੰਗਸ, ਨੇਪਟਿਯੂਨ, ਨਿਊ ਜਰਸੀ: ਲੂਇਜ਼ੌਕਸ ਬ੍ਰਦਰਸ, 1982, ਪੰਨਾ 64.
136. ਅਫ਼ਸੀਆਂ 2:7